Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 41 16/06/2025 www.samajweekly.com samajweekly @samajweekly samajweekly

# ਉਤਰਾਖੰਡ 'ਚ ਕ੍ਰੈਸ਼ ਹੋਇਆ ਹੈਲੀਕਾਪਟਰ, 7 ਲੋਕਾਂ ਦੀ ਹੋਈ ਮੌਤ

## ਪ੍ਰਸ਼ਾਸਨ ਵੱਲੋਂ ਰਾਹਤ ਕਾਰਜ ਜਾਰੀ, ਖ਼ਰਾਬ ਮੌਸਮ ਬਣਿਆ ਹਾਦਸੇ ਦਾ ਕਾਰਨ

**ਕੇਦਾਰਨਾਥ।** ਐਤਵਾਰ ਸਵੇਰੇ ਲਗਭਗ 5:20 ਵਜੇ ਕੇਦਾਰਨਾਥ ਨੇੜੇ ਗੌਰੀਕੁੰਡ ਵਿਖੇ ਇੱਕ ਹੈਲੀਕਾਪਟਰ ਹਾਦਸਾਗ੍ਰਸਤ ਹੋ ਗਿਆ। ਇਸ ਵਿੱਚ ਪਾਇਲਟ ਸਮੇਤ ਸਾਰੇ 7 ਯਾਤਰੀਆਂ ਦੀ ਮੌਤ ਹੋ ਗਈ। ਮਰਨ ਵਾਲਿਆਂ ਵਿੱਚ ਇੱਕ 2 ਸਾਲ ਦਾ ਬੱਚਾ ਵੀ ਸ਼ਾਮਲ ਹੈ। ਇਸ ਹੈਲੀਕਾਪਟਰ ਨੇ ਕੇਦਾਰਨਾਥ ਮੰਦਰ ਤੋਂ ਸ਼ਰਧਾਲੂਆਂ ਨੂੰ ਲੈ ਕੇ ਗੌਰੀਕੁੰਡ ਲਈ ਉਡਾਣ ਭਰੀ ਸੀ। ਸ਼ੁਰੂਆਤੀ ਜਾਣਕਾਰੀ ਵਿੱਚ ਕਿਹਾ ਗਿਆ ਹੈ ਕਿ ਹਾਦਸੇ ਦਾ ਕਾਰਨ ਖ਼ਰਾਬ ਮੌਸਮ ਸੀ। ਇਹ ਹੈਲੀਕਾਪਟਰ ਆਰੀਅਨ ਏਵੀਏਸ਼ਨ ਕੰਪਨੀ ਦਾ ਹੈ। ਉਤਰਾਖੰਡ ਸਿਵਲ ਏਵੀਏਸ਼ਨ ਡਿਵੈਲਪਮੈਂਟ ਅਥਾਰਟੀ (UCADA) ਦੇ ਅਨੁਸਾਰ,





ਹੈਲੀਕਾਪਟਰ ਵਿੱਚ ਯੂਪੀ-ਮਹਾਰਾਸ਼ਟਰ ਤੋਂ 2-2 ਯਾਤਰੀ ਅਤੇ ਉਤਰਾਖੰਡ, ਰਾਜਸਥਾਨ, ਗੁਜਰਾਤ ਤੋਂ 1-1 ਯਾਤਰੀ ਸੀ। ਐਨਡੀਆਰਐਫ ਅਤੇ ਐਸਡੀਆਰਐਫ ਬਚਾਅ ਟੀਮਾਂ ਨੂੰ ਗੌਰੀਕੁੰਡ ਤੋਂ ਰਵਾਨਾ ਕਰ ਦਿੱਤਾ ਗਿਆ ਹੈ। ਚਾਰ ਧਾਮ ਯਾਤਰਾ ਹੈਲੀਕਾਪਟਰ ਸੇਵਾ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ। ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨੇ ਕਿਹਾ - ਹੈਲੀ ਸੇਵਾ ਦੇ ਸੰਚਾਲਨ ਲਈ ਸਖ਼ਤ ਨਿਯਮ ਬਣਾਏ ਜਾਣਗੇ। ਇਸ ਵਿੱਚ, ਉਡਾਣ ਤੋਂ ਪਹਿਲਾਂ ਹੈਲੀਕਾਪਟਰ ਦੀ ਤਕਨੀਕੀ ਸਥਿਤੀ ਦੀ ਜਾਂਚ ਕਰਨਾ ਅਤੇ ਮੌਸਮ ਦੀ ਸਹੀ ਜਾਣਕਾਰੀ ਪ੍ਰਾਪਤ ਕਰਨਾ ਲਾਜ਼ਮੀ ਕੀਤਾ ਜਾਵੇਗਾ।

## ਪੰਜਾਬ ’ਚ ਕਈ ਥਾਈਂ ਅਤਿ ਦੀ ਗਰਮੀ ਤੇ ਕਿਤੇ ਮੀਂਹ

**ਚੰਡੀਗੜ੍ਹ।** ਪੰਜਾਬ ਵਿੱਚ ਕਈ ਦਿਨਾਂ ਤੋਂ ਪੈ ਰਹੀ ਅਤਿ ਦੀ ਗਰਮੀ ਮਗਰੋਂ ਲੰਘੀ ਰਾਤ ਸੂਬੇ ਵਿੱਚ ਕੁਝ ਥਾਈਂ ਪਏ ਮੀਂਹ ਨੇ ਲੋਕਾਂ ਨੂੰ ਗਰਮੀ ਤੋਂ ਮਾਮੂਲੀ ਰਾਹਤ ਦਿਵਾ ਦਿੱਤੀ ਹੈ। ਪੰਜਾਬ ਦੇ ਜ਼ਿਆਦਾਤਰ ਸ਼ਹਿਰਾਂ ਵਿੱਚ 24 ਘੰਟਿਆਂ ਦੌਰਾਨ ਤਾਪਮਾਨ ’ਚ 3 ਤੋਂ 4 ਡਿਗਰੀ ਤੱਕ ਦੀ ਗਿਰਾਵਟ ਦਰਜ ਕੀਤੀ ਗਈ ਜਿਸ ਨਾਲ ਲੋਕਾਂ ਨੇ ਸੁੱਖ ਦਾ ਸਾਹ ਲਿਆ ਹੈ। ਪੰਜਾਬ ਦੇ ਜ਼ਿਆਦਾਤਰ ਸ਼ਹਿਰਾਂ ਦਾ ਤਾਪਮਾਨ ਅੱਜ 40 ਡਿਗਰੀ ਦੇ ਕਰੀਬ ਦਰਜ ਕੀਤਾ ਗਿਆ ਹੈ। ਸੂਬੇ ਵਿੱਚ ਬਠਿੰਡਾ ਏਅਰਪੋਰਟ ਇਲਾਕਾ ਸਭ ਤੋਂ ਗਰਮ ਰਿਹਾ ਹੈ, ਜਿੱਥੇ ਵੱਧ ਤੋਂ ਵੱਧ ਤਾਪਮਾਨ 42.2 ਡਿਗਰੀ ਰਿਹਾ। ਉੱਧਰ ਵਿਗਿਆਨੀਆਂ ਨੇ ਪੰਜਾਬ ’ਚ ਅਗਲੇ 2-3 ਦਿਨ ਮੌਸਮ ਦਾ ਮਿਜਾਜ਼ ਇਸੇ ਤਰ੍ਹਾਂ ਰਹਿਣ ਦੀ ਪੇਸ਼ੀਨਗੋਈ ਕੀਤੀ ਹੈ। ਇਸ ਦੌਰਾਨ 40 ਤੋਂ 50 ਕਿਲੋਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਹਵਾਵਾਂ ਚੱਲਣਗੀਆਂ ਅਤੇ ਕਿਤੇ-ਕਿਤੇ ਹਨੇਰੀ ਤੋਂ ਬਾਅਦ ਹਲਕਾ ਮੀਂਹ ਵੀ ਪੈ ਸਕਦਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੰਜਾਬ ਦੇ ਪਟਿਆਲਾ, ਚੰਡੀਗੜ੍ਹ, ਫਿਰੋਜ਼ਪੁਰ, ਅਬੋਹਰ ਤੇ ਹੋਰਨਾਂ ਕਈ ਇਲਾਕਿਆਂ ਵਿੱਚ



ਕਿਤੇ-ਕਿਤੇ ਦੇਰ ਰਾਤ ਹਲਕਾ ਮੀਂਹ ਪਿਆ ਹੈ। ਮੀਂਹ ਦੇ ਨਾਲ ਹੀ ਚੱਲੀਆਂ ਤੇਜ਼ ਹਵਾਵਾਂ ਕਰਕੇ ਅੱਜ ਤਾਪਮਾਨ ਵਿੱਚ ਗਿਰਾਵਟ ਦਰਜ ਕੀਤੀ ਗਈ ਹੈ। ਹਾਲਾਂਕਿ ਦਿਨ ਚੜ੍ਹਦਿਆਂ ਹੀ ਪੰਜਾਬ ਦੇ ਜ਼ਿਆਦਾਤਰ ਸ਼ਹਿਰਾਂ ਵਿੱਚ ਧੁੱਪ ਨਿਕਲ ਗਈ ਸੀ, ਜਿਸ ਕਰਕੇ ਗਰਮੀ ਵਧ ਗਈ। ਮੌਸਮ ਦੇ ਮਿਜਾਜ਼ ਬਦਲਣ ਦੇ ਨਾਲ ਹੀ ਪੰਜਾਬ ਵਿੱਚ ਅੱਜ ਬਿਜਲੀ ਦੀ ਮੰਗ ਵੀ ਘਟ ਗਈ। ਪੰਜਾਬ ਵਿੱਚ ਬਿਜਲੀ ਦੀ ਮੰਗ 14,923 ਮੈਗਾਵਾਟ ਦਰਜ ਕੀਤੀ ਗਈ ਹੈ, ਜੋ ਕਿ ਪਿਛਲੇ ਕਈ ਦਿਨਾਂ ਤੋਂ 16 ਹਜ਼ਾਰ ਮੈਗਾਵਾਟ ਤੋਂ ਵੱਧ ਚੱਲ ਰਹੀ ਸੀ। ਅਗਲੇ 2-3 ਤਿੰਨ ਦਿਨਾਂ ’ਚ ਤਾਪਮਾਨ ਘਟਣ ਨਾਲ ਬਿਜਲੀ ਦੀ ਮੰਗ ਵੀ ਹੋਰ ਘਟਣ ਦੀ ਸੰਭਾਵਨਾ ਹੈ। ਮੌਸਮ ਵਿਭਾਗ ਤੋਂ ਮਿਲੀ ਜਾਣਕਾਰੀ ਅਨੁਸਾਰ ਅੱਜ ਬਠਿੰਡਾ ਸ਼ਹਿਰ ਵਿੱਚ ਵੱਧ ਤੋਂ ਵੱਧ ਤਾਪਮਾਨ 41.6 ਡਿਗਰੀ, ਫਰੀਦਕੋਟ ਦਾ 40, ਅੰਮ੍ਰਿਤਸਰ ਵਿੱਚ 39.5, ਪਠਾਨਕੋਟ ਦਾ 39.8, ਗੁਰਦ-ਾਸਪੁਰ ਤੇ ਫਿਰੋਜ਼ਪੁਰ ਵਿੱਚ 39, ਲੁਧਿਆਣਾ ਵਿੱਚ 38.6, ਫਾਜ਼ਿਲਕਾ ’ਚ 38.2, ਜਲੰਧਰ ’ਚ 38.4, ਮੋਗਾ ’ਚ 38, ਚੰਡੀਗੜ੍ਹ ’ਚ 37.7, ਹੁਸ਼ਿਆਰਪੁਰ ’ਚ 37.5, ਮੁਹਾਲੀ ਦਾ 37, ਫਤਹਿਗੜ੍ਹ ਸਾਹਿਬ ਦਾ 35.1, ਰੋਪੜ ਵਿੱਚ ਦਾ 35, ਨਵਾਂ ਸ਼ਹਿਰ ਦਾ 34.8 ਅਤੇ ਪਟਿਆਲਾ ਦਾ 34.1 ਡਿਗਰੀ ਦਰਜ ਕੀਤਾ ਗਿਆ ਹੈ।

## ਦੁਬਈ ਦੀ 67-ਮੰਜ਼ਲਾ ਇਮਾਰਤ ’ਚ ਭਿਆਨਕ ਅੱਗ ਲੱਗੀ, 3820 ਲੋਕਾਂ ਨੂੰ ਸੁਰੱਖਿਅਤ ਕੱਢਿਆ

**ਦੁਬਈ।** ਦੁਬਈ ਮੀਡੀਆ ਦਫਤਰ (ਡੀਐਮਓ) ਨੇ ਦੱਸਿਆ ਕਿ ਇੱਥੇ ਮਰੀਨਾ ਵਿੱਚ ਇੱਕ 67 ਮੰਜ਼ਿਲਾ ਇਮਾਰਤ ਵਿੱਚ ਭਿਆਨਕ ਅੱਗ ਲੱਗ ਗਈ। ਸ਼ੁੱਕਰਵਾਰ ਦੇਰ ਰਾਤ ਅੱਗ ਲੱਗਣ ਤੋਂ ਬਾਅਦ ਮਰੀਨਾ ਪਿਨੈਕਲ ਦੇ 764 ਅਪਾਰਟਮੈਂਟਾਂ ਦੇ ਸਾਰੇ 3,820 ਨਿਵਾਸੀਆਂ ਨੂੰ ਸੁਰੱਖਿਅਤ ਬਾਹਰ ਕੱਢ ਲਿਆ ਗਿਆ। ‘ਖਲੀਜ ਟਾਈਮਜ਼’ ਅਖਬਾਰ ਦੀ ਰਿਪੋਰਟ ਅਨੁਸਾਰ, ਦੁਬਈ ਸਿਵਲ ਡਿਫੈਂਸ ਟੀਮਾਂ ਨੇ ਛੇ ਘੰਟੇ ਦੀ ਅਣਥੱਕ ਮਿਹਨਤ ਕਰਕੇ ਅੱਗ ਬੁਝਾ ਦਿੱਤੀ ਹੈ। ਡੀਐਮਓ ਨੇ ਕਿਹਾ ਕਿ ਅਧਿਕਾਰੀ ਪ੍ਰਭਾਵਿਤ ਨਿਵਾਸੀਆਂ ਲਈ ਆਰਜ਼ੀ ਰਿਹਾਇਸ਼ ਦਾ ਪ੍ਰਬੰਧ ਕਰਨ ਲਈ ਇਮਾਰਤ ਦੇ ਡਿਵੈਲਪਰ ਨਾਲ ਮਿਲ ਕੇ ਕੰਮ ਕਰ ਰਹੇ ਹਨ ਅਤੇ ਉਨ੍ਹਾਂ ਦੀ ਸੁਰੱਖਿਆ ਅਤੇ ਤੰਦਰੁਸਤੀ ਨੂੰ ਪਹਿਲੀ ਤਰਜੀਹ ਦਿੱਤੀ ਜਾ ਰਹੀ ਹੈ। ਡੀਐਮਓ ਨੇ ਸ਼ਨਿੱਚਰਵਾਰ ਨੂੰ ਤੜਕੇ 1.44 ਵਜੇ ਐਕਸ ਯ ‘ਤੇ ਇੱਕ ਪੋਸਟ ਵਿੱਚ ਕਿਹਾ: “ਵਿਸ਼ੇਸ਼ ਟੀਮਾਂ ਨੇ 67 ਮੰਜ਼ਿਲਾ ਇਮਾਰਤ ਤੋਂ ਸਾਰੇ ਨਿਵਾਸੀਆਂ ਨੂੰ ਸਫਲਤਾਪੂਰਵਕ ਬਾਹਰ ਕੱਢਿਆ,



ਪੂਰੇ ਕਾਰਜ ਦੌਰਾਨ ਉਨ੍ਹਾਂ ਦੀ ਸਿਹਤ ਅਤੇ ਸੁਰੱਖਿਆ ਨੂੰ ਤਰਜੀਹ ਦਿੱਤੀ ਗਈ। ਅੱਗ ਨੂੰ ਪੂਰੀ ਤਰ੍ਹਾਂ ਕਾਬੂ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਹਨ।” ਇਸ ਤੋਂ ਬਾਅਦ ਧੌਂ ਨੇ ਤੜਕੇ 2.09 ਵਜੇ ਕਿਹਾ, “ਐਂਬੂਲੈਂਸ ਟੀਮਾਂ ਅਤੇ ਮੈਡੀਕਲ ਸਟਾਫ ਸੁਰੱਖਿਅਤ ਢੰਗ ਨਾਲ ਕੱਢੇ ਗਏ ਨਿਵਾਸੀਆਂ ਨੂੰ ਪੂਰੀ ਡਾਕਟਰੀ ਅਤੇ ਮਾਨਸਿਕ ਸਹਾਇਤਾ ਪ੍ਰਦਾਨ ਕਰਨ ਲਈ ਮੌਕੇ ‘ਤੇ ਮੌਜੂਦ ਹਨ।” ਡੀਐਮਓ ਨੇ ਬਾਅਦ ਵਿੱਚ 2.21 ਵਜੇ ਨੋਟ ਕੀਤਾ ਕਿ ਵਿਸ਼ੇਸ਼ ਇਕਾਈਆਂ ਨੇ ਮਰੀਨਾ ਪਿਨੈਕਲ ਦੇ 764 ਅਪਾਰਟਮੈਂਟਾਂ ਤੋਂ ਸਾਰੇ 3,820 ਨਿਵਾਸੀਆਂ ਨੂੰ ਬਿਨਾਂ ਕਿਸੇ ਸੱਟ ਦੇ ਸੁਰੱਖਿਅਤ ਬਾਹਰ ਕੱਢ ਲਿਆ। ਇਹ ਪਹਿਲੀ ਵਾਰ ਨਹੀਂ ਹੈ ਜਦੋਂ ਮਰੀਨਾ ਪਿਨੈਕਲ - ਜਿਸਨੂੰ ਟਾਈਗਰ ਟਾਵਰ (Tiger Tower) ਵੀ ਕਿਹਾ ਜਾਂਦਾ ਹੈ - ਵਿਚ ਅੱਗ ਲੱਗੀ ਹੋਵੇ। ‘ਖਲੀਜ ਟਾਈਮਜ਼’ ਨੇ ਕਿਹਾ ਕਿ ਮਈ 2015 ਵਿੱਚ, ਰਸੋਈ ਦੀ ਇੱਕ ਘਟਨਾ ਨੇ 47ਵੀਂ ਮੰਜ਼ਿਲ ‘ਤੇ ਅੱਗ ਲਗਾ ਦਿੱਤੀ ਸੀ, ਜੋ ਦੁਬਈ ਸਿਵਲ ਡਿਫੈਂਸ ਦੁਆਰਾ ਕਾਬੂ ਕੀਤੇ ਜਾਣ ਤੋਂ ਪਹਿਲਾਂ 48ਵੀਂ ਮੰਜ਼ਿਲ ਤੱਕ ਫੈਲ ਗਈ ਸੀ।

# ਡੈਨਮਾਰਕ ਬਣਿਆ ਦੁਨੀਆਂ ਦਾ ਖੁਸ਼ਹਾਲ ਦੇਸ਼

**ਕੋਪਨਹੇਗਨ।** ਇਕ ਪਾਸੇ ਜਿੱਥੇ ਪੱਛਮੀ ਦੇਸ਼ਾਂ ਵਿਚ ਖੁਸ਼ੀ ਘਟਦੀ ਜਾ ਰਹੀ ਹੈ ਉੱਥੇ ਡੈਨਮਾਰਕ ਹਰ ਸਾਲ ਦੁਨੀਆਂ ਦੇ ਸਭ ਤੋਂ ਖੁਸ਼ਹਾਲ ਦੇਸ਼ਾਂ ਦੀ ਸੂਚੀ ਵਿੱਚ ਸਭ ਤੋਂ ਉੱਪਰ ਹੁੰਦਾ ਹੈ। ਇਸਦਾ ਇੱਕ ਕਾਰਨ ਇਸਦੇ ਸਖ਼ਤ ਪ੍ਰਵਾਸ ਨਿਯਮ ਹਨ। ਦਰਅਸਲ 2015 ਵਿੱਚ ਯੂਰਪ ਵਿੱਚ ਸ਼ਰਨਾਰਥੀ ਸੰਕਟ ਦੌਰਾਨ 21 ਹਜ਼ਾਰ ਸ਼ਰਨਾਰਥੀ ਡੈਨਮਾਰਕ ਆਏ ਸਨ। ਫਿਰ ਲੋਕਾਂ ਨੂੰ ਡਰ ਸੀ ਕਿ ਇਹ ਪ੍ਰਵਾਸੀ ਉਨ੍ਹਾਂ ਦੇ ਦੇਸ਼ ਦੀ ਭਲਾਈ ਪ੍ਰਣਾਲੀ 'ਤੇ ਬੋਝ ਪਾ ਸਕਦੇ ਹਨ। ਇਸ ਤੋਂ ਬਾਅਦ ਡੈਨਮਾਰਕ ਨੇ ਪ੍ਰਵਾਸ ਸੰਬੰਧੀ ਸਖ਼ਤ ਨੀਤੀਆਂ ਅਪਣਾਈਆਂ ਜਿਵੇਂ ਕਿ ਬੁਰਕੇ 'ਤੇ ਪਾਬੰਦੀ ਅਤੇ ਪ੍ਰਵਾਸੀਆਂ ਲਈ ਡੈਨਿਸ਼ ਭਾਸ਼ਾ ਦੀ ਲਾਜ਼ਮੀ ਸਿੱਖਿਆ। ਸਾਲ 2018 ਵਿੱਚ 'ਐਂਟੀ-ਗੇਟੋ ਲਾਅ' ਲਿਆਂਦਾ ਗਿਆ, ਜਿਸਦਾ ਉਦੇਸ਼ ਕੁਝ ਖੇਤਰਾਂ ਵਿੱਚ ਵਿਦੇਸ਼ੀਆਂ ਨੂੰ 30 ਫੀਸਦੀ ਤੋਂ ਘੱਟ ਕਰਨਾ ਸੀ। ਡੈਨਿਸ਼ ਪ੍ਰਧਾਨ ਮੰਤਰੀ ਮੇਟੇ ਫਰੈਡਰਿਕਸਨ ਦੀ ਸਰਕਾਰ ਨੇ ਸ਼ਰਨਾਰਥੀ



ਅਰਜ਼ੀਆਂ ਨੂੰ 90% ਘਟਾ ਦਿੱਤਾ ਹੈ। ਇਸਦਾ ਉਦੇਸ਼ ਕੱਟੜਪੰਥੀ ਸੱਜੇ-ਪੱਖੀ ਪਾਰਟੀਆਂ ਦੇ ਵਾਧੇ ਨੂੰ ਰੋਕਣਾ ਹੈ। ਡੈਨਮਾਰਕ ਦੀ ਖੁਸ਼ਹਾਲੀ ਦਾ ਕਾਰਨ ਮੁਫ਼ਤ ਸਿਹਤ ਸੰਭਾਲ, ਮੁਫ਼ਤ ਉੱਚ ਸਿੱਖਿਆ ਅਤੇ ਬਜ਼ੁਰਗਾਂ ਲਈ ਘਰ ਦੀ ਦੇਖਭਾਲ ਵਰਗੀਆਂ ਸਹੂਲਤਾਂ ਕਾਰਨ ਹੈ। ਡੈਨਮਾਰਕ ਵਿੱਚ ਟੈਕਸ ਬਹੁਤ ਜ਼ਿਆਦਾ ਹਨ, ਪਰ ਲੋਕ ਉਨ੍ਹਾਂ ਨੂੰ ਖੁਸ਼ੀ ਨਾਲ ਅਦਾ ਕਰਦੇ ਹਨ ਕਿਉਂਕਿ ਉਨ੍ਹਾਂ ਨੂੰ ਭਰੋਸਾ ਹੈ ਕਿ ਸਰਕਾਰ ਉਨ੍ਹਾਂ ਦੇ ਪੈਸੇ ਸਹੀ ਤਰੀਕੇ ਨਾਲ ਖਰਚ ਕਰ ਰਹੀ ਹੈ। ਭ੍ਰਿਸ਼ਟਾਚਾਰ ਬਹੁਤ ਘੱਟ ਹੈ ਅਤੇ ਸਰਕਾਰੀ ਪ੍ਰਣਾਲੀ ਵਿੱਚ ਪਾਰਦਰਸ਼ਤਾ ਹੈ। ਡੈਨਿਸ਼ ਸਮਾਜ ਵਿੱਚ ਵਿਸ਼ਵਾਸ ਇੱਕ ਡੂੰਘੀ ਜੜ੍ਹ ਹੈ। ਇੱਥੇ ਬੱਚੇ 8-9 ਸਾਲ ਦੀ ਉਮਰ ਵਿੱਚ ਜਨਤਕ ਆਵਾਜਾਈ 'ਤੇ ਇਕੱਲੇ ਯਾਤਰਾ ਕਰਦੇ ਹਨ। ਸਕੂਲਾਂ ਵਿੱਚ ਬੱਚਿਆਂ ਨੂੰ ਗਣਿਤ ਅਤੇ ਭਾਸ਼ਾ ਦੇ ਨਾਲ-ਨਾਲ ਸਮਾਜਿਕ ਨਿਯਮ ਵੀ ਸਿਖਾਏ ਜਾਂਦੇ ਹਨ, ਜਿਵੇਂ ਕਿ ਵਾਰੀ-ਵਾਰੀ ਕੰਮ ਕਰਨਾ ਅਤੇ ਦੂਜਿਆਂ ਦੀ ਮਦਦ ਕਰਨਾ।

## ਨਾਈਜੀਰੀਆ ਵਿੱਚ 100 ਲੋਕਾਂ ਦੀ ਗੋਲੀ ਮਾਰ ਕੇ ਹੱਤਿਆ

**ਅਬੂਜਾ।** ਨਾਈਜੀਰੀਆ ਦੇ ਉੱਤਰੀ-ਮੱਧ ਬੇਨੂਏ ਰਾਜ ਦੇ ਗੁਮਾ ਦੇ ਯੇਲੇਵਾਟਾ ਵਿੱਚ ਘੱਟੋ-ਘੱਟ 100 ਲੋਕਾਂ ਨੂੰ ਗੋਲੀ ਮਾਰ ਕੇ ਮਾਰ ਦਿੱਤਾ ਗਿਆ ਹੈ। ਸੈਂਕੜੇ ਜ਼ਖਮੀ ਹਨ ਅਤੇ ਦਰਜਨਾਂ ਲਾਪਤਾ ਹਨ। ਮਨੁੱਖੀ ਅਧਿਕਾਰ ਸਮੂਹ ਐਮਨੈਸਟੀ ਇੰਟਰਨੈਸ਼ਨਲ ਨਾਈਜੀਰੀਆ ਨੇ ਇੱਕ ਫੇਸਬੁੱਕ ਪੋਸਟ ਵਿੱਚ ਕਿਹਾ ਕਿ ਹਮਲਾ ਸ਼ੁੱਕਰਵਾਰ ਦੇਰ ਰਾਤ ਤੋਂ ਸ਼ਨੀਵਾਰ ਸਵੇਰ ਤੱਕ ਹੋਇਆ। ਜ਼ਖਮੀਆਂ ਨੂੰ ਲੋੜੀਂਦੀਆਂ ਡਾਕਟਰੀ ਸਹੂਲਤਾਂ ਨਹੀਂ ਮਿਲ ਸਕੀਆਂ। ਐਮਨੈਸਟੀ ਅਨੁਸਾਰ, ਇਸ ਸਮੂਹਿਕ ਹਮਲੇ ਵਿੱਚ, ਹਮਲਾਵਰਾਂ ਨੇ ਪਿੰਡ ਦੇ ਕਈ ਪਰਿਵਾਰਾਂ ਨੂੰ ਉਨ੍ਹਾਂ ਦੇ ਘਰਾਂ ਵਿੱਚ ਬੰਦ ਕਰ ਦਿੱਤਾ ਅਤੇ ਉਨ੍ਹਾਂ ਨੂੰ ਜਿਓਂਦਾ ਸਾੜ ਦਿੱਤਾ। ਲੋਕਾਂ ਨੂੰ ਇੰਨੀ ਬੁਰੀ ਤਰ੍ਹਾਂ ਸਾੜ ਦਿੱਤਾ ਗਿਆ ਕਿ ਉਨ੍ਹਾਂ ਦੀ ਪਛਾਣ ਕਰਨਾ ਮੁਸ਼ਕਿਲ ਹੋ ਗਿਆ। ਬੇਨੂਏ ਪੁਲਿਸ ਨੇ ਹਮਲੇ ਦੀ ਪੁਸ਼ਟੀ ਕੀਤੀ ਹੈ, ਪਰ ਇਹ ਨਹੀਂ ਦੱਸਿਆ ਕਿ ਕਤਲ ਕਿਸਨੇ ਕੀਤੇ ਅਤੇ ਕਿੰਨੇ ਲੋਕ ਮਾਰੇ ਗਏ। ਬੇਨੂਏ ਨਾਈਜੀਰੀਆ ਦੇ ਮੱਧ ਪੱਟੀ ਵਿੱਚ ਹੈ, ਜਿੱਥੇ ਬਹੁਗਿਣਤੀ ਮੁਸਲਿਮ



ਉੱਤਰ ਅਤੇ ਜ਼ਿਆਦਾਤਰ ਈਸਾਈ ਦੱਖਣ ਵਿੱਚ ਹਨ। ਦੋਵੇਂ ਭਾਈਚਾਰੇ ਅਕਸਰ ਜ਼ਮੀਨ ਅਤੇ ਪਾਣੀ ਨੂੰ ਲੈ ਕੇ ਲੜਦੇ ਹਨ। ਇਹ ਟਕਰਾਅ ਨਸਲੀ ਅਤੇ ਧਾਰਮਿਕ ਵੰਡਾਂ ਦੁਆਰਾ ਹੋਰ ਵੀ ਵਧ ਜਾਂਦੇ ਹਨ। ਮੁਸਲਿਮ ਅਤੇ ਈਸਾਈ ਚਰਵਾਹਿਆਂ ਅਤੇ ਕਿਸਾਨਾਂ ਵਿਚਕਾਰ ਜ਼ਮੀਨ ਨੂੰ ਲੈ ਕੇ ਮੁਕਾਬਲਾ ਖਾਸ ਤੌਰ 'ਤੇ ਜ਼ਿਆਦਾ ਹੁੰਦਾ ਹੈ। ਚਰਵਾਹਿਆਂ ਦਾ ਤਰਕ ਹੈ ਕਿ ਇਹ ਜ਼ਮੀਨਾਂ ਚਰਾਉਣ ਵਾਲੀਆਂ ਜ਼ਮੀਨਾਂ ਹਨ, ਜਿਨ੍ਹਾਂ ਨੂੰ ਆਜ਼ਾਦੀ ਤੋਂ ਪੰਜ ਸਾਲ ਬਾਅਦ 1965 ਵਿੱਚ ਕਾਨੂੰਨ ਅਧੀਨ ਅਧਿਕਾਰ ਦਿੱਤੇ ਗਏ ਸਨ।

## ਅਹਿਮਦਾਬਾਦ ਜਹਾਜ਼ ਹਾਦਸਾ, ਡੀ.ਐਨ.ਏ. ਟੈਸਟ ’ਚ 47 ਲੋਕਾਂ ਦੀ ਹੋਈ ਪਛਾਣ

**ਨਵੀਂ ਦਿਲੀ।** ਲੰਡਨ ਜਾ ਰਿਹਾ ਏਅਰ ਇੰਡੀਆ ਦਾ ਜਹਾਜ਼ ਅਹਿਮਦਾਬਾਦ ’ਚ ਹਾਦਸਾਗ੍ਰਸਤ ਹੋਣ ਦੇ ਤਿੰਨ ਦਿਨ ਬਾਅਦ ਅਧਿਕਾਰੀਆਂ ਨੇ ਹੁਣ ਤਕ ਡੀ.ਐਨ.ਏ. ਟੈਸਟ ਰਾਹੀਂ 47 ਪੀੜਤਾਂ ਦੀ ਪਛਾਣ ਕੀਤੀ ਹੈ ਅਤੇ 24 ਦੀਆਂ ਲਾਸ਼ਾਂ ਉਨ੍ਹਾਂ ਦੇ ਪਰਵਾਰਾਂ ਨੂੰ ਸੌਂਪ ਦਿਤੀਆਂ ਗਈਆਂ ਹਨ।

ਕਿਉਂਕਿ ਬਹੁਤ ਸਾਰੀਆਂ ਲਾਸ਼ਾਂ ਬੁਰੀ ਤਰ੍ਹਾਂ ਸੜ ਜਾਣ ਕਾਰਨ ਪਛਾਣ ਤੋਂ ਬਾਹਰ ਹੋ ਗਈਆਂ ਸਨ ਜਾਂ ਨੁਕਸਾਨੀਆਂ ਗਈਆਂ ਸਨ, ਅਧਿਕਾਰੀ ਭਿਆਨਕ ਦੁਖਾਂਤ ਦੇ ਪੀੜਤਾਂ ਦੀ ਪਛਾਣ ਸਥਾਪਤ ਕਰਨ ਲਈ ਡੀ.ਐਨ.ਏ. ਟੈਸਟ ਕਰ ਰਹੇ ਹਨ। ਇਸ ਭਿਆਨਕ ਹਾਦਸੇ ’ਚ ਮਾਰੇ ਗਏ 241 ਮੁਸਾਫ਼ਰਾਂ ’ਚ ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਵਿਜੇ ਰੁਪਾਨੀ ਵੀ ਸ਼ਾਮਲ ਸਨ। ਉਨ੍ਹਾਂ ਦੀ ਮ੍ਰਿਤਕ ਦੇਹ ਦੀ ਪਛਾਣ ਵੀ ਡੀ.ਐਨ.ਏ. ਟੈਸਟ ਰਾਹੀਂ ਹੋ ਗਈ ਹੈ। ਵਧੀਕ ਸਿਵਲ ਸੁਪਰਡੈਂਟ ਡਾ ਰਜਨੀਸ਼ ਪਟੇਲ ਨੇ ਪੱਤਰਕਾਰਾਂ ਨੂੰ ਦਸਿਆ, ‘‘ਡੀ.ਐਨ.ਏ. ਮਿਲਾਨ ਰਾਹੀਂ ਹੁਣ ਤਕ ਕੁਲ 47 ਜਹਾਜ਼ ਹਾਦਸੇ ਦੇ ਪੀੜਤਾਂ ਦੀ ਪਛਾਣ ਕੀਤੀ ਗਈ ਹੈ। ਇਨ੍ਹਾਂ ’ਚੋਂ 24 ਮ੍ਰਿਤਕਾਂ ਦੀਆਂ ਲਾਸ਼ਾਂ ਸਬੰਧਤ ਪਰਵਾਰਾਂ ਨੂੰ ਸੌਂਪ ਦਿਤੀਆਂ ਗਈਆਂ ਹਨ। ਇਹ ਮ੍ਰਿਤਕ ਰਾਜਸਥਾਨ ਅਤੇ ਗੁਜਰਾਤ



ਦੇ ਵੱਖ-ਵੱਖ ਹਿੱਸਿਆਂ ਦੇ ਰਹਿਣ ਵਾਲੇ ਸਨ।’’ ਵੀਰਵਾਰ ਨੂੰ ਜਹਾਜ਼ ਹਾਦਸੇ ’ਚ ਬੋਇੰਗ 787-8 (ਏ.ਆਈ.171) ’ਚ ਸਵਾਰ 242 ਮੁਸਾਫ਼ਰਾਂ ਅਤੇ ਚਾਲਕ ਦਲ ਦੇ ਮੈਂਬਰਾਂ ’ਚੋਂ ਇਕ ਨੂੰ ਛੱਡ ਕੇ ਬਾਕੀ ਸਾਰਿਆਂ ਦੀ ਅਤੇ 5 ਐੱਮ.ਬੀ.ਬੀ.ਐੱਸ. ਵਿਦਿਆਰਥੀਆਂ ਸਮੇਤ 29 ਹੋਰ ਲੋਕਾਂ ਦੀ ਮੌਤ ਹੋ ਗਈ ਸੀ। ਵੀਰਵਾਰ ਦੁਪਹਿਰ 1:39 ਵਜੇ ਸਰਦਾਰ ਵਲਭ ਭਾਈ ਪਟੇਲ ਕੌਮਾਂਤਰੀ ਹਵਾਈ ਅੱਡੇ ਤੋਂ ਉਡਾਣ ਭਰਨ ਦੇ ਕੁੱਝ ਹੀ ਮਿੰਟਾਂ ਬਾਅਦ ਜਹਾਜ਼ ਮੇਘਾਨੀਨਗਰ ਦੇ ਇਕ ਮੈਡੀਕਲ ਕਾਲਜ ਦੇ ਕੈਂਪਸ ’ਚ ਹਾਦਸਾਗ੍ਰਸਤ ਹੋ ਗਿਆ। ਏਅਰਕ੍ਰਾਫਟ ਐਕਸੀਡੈਂਟ ਇਨਵੈਸਟੀਗੇਸ਼ਨ ਬਿਊਰੋ (ਏ.ਏ.ਆਈ.ਬੀ.) ਦੀ ਅਗਵਾਈ ’ਚ ਕੇਂਦਰ ਅਤੇ ਰਾਜ ਸਰਕਾਰ ਦੀਆਂ ਵੱਖ-ਵੱਖ ਏਜੰਸੀਆਂ ਤਿੰਨ ਦਹਾਕਿਆਂ ’ਚ ਦੇਸ਼ ’ਚ ਸੱਭ ਤੋਂ ਭਿਆਨਕ ਹਵਾਈ ਹਾਦਸੇ ਦੇ ਕਾਰਨਾਂ ਦੀ ਜਾਂਚ ਲਈ ਹਾਦਸੇ ਵਾਲੀ ਥਾਂ ’ਤੇ ਮੌਜੂਦ ਸਨ। ਸ਼ਹਿਰ ਦੇ ਪੁਲਿਸ ਕਮਿਸ਼ਨਰ ਜੀ.ਐਸ. ਮਲਿਕ ਵੀ ਐਤਵਾਰ ਸਵੇਰੇ ਹਾਦਸੇ ਵਾਲੀ ਥਾਂ ’ਤੇ ਪਹੁੰਚੇ। ਬੀ.ਜੇ. ਮੈਡੀਕਲ ਕਾਲਜ ਦੇ ਜੂਨੀਅਰ ਡਾਕਟਰ ਐਸੋਸੀਏਸ਼ਨ ਦੇ ਪ੍ਰਧਾਨ ਡਾ. ਧਵਲ ਗਾਮੇਤੀ ਨੇ ਦਸਿਆ ਕਿ ਜਹਾਜ਼ ਹਾਦਸੇ ਵਾਲੀ ਥਾਂ ਤੋਂ ਹੁਣ ਤਕ ਲਗਭਗ 270 ਲਾਸ਼ਾਂ ਅਹਿਮਦਾਬਾਦ ਸਿਵਲ ਹਸਪਤਾਲ ਲਿਆਂਦੀਆਂ ਗਈਆਂ ਹਨ। ਕੇਂਦਰ ਸਰਕਾਰ ਨੇ ਸਨਿਚਰਵਾਰ ਨੂੰ ਜਹਾਜ਼ ਹਾਦਸੇ ਦੇ ਮੂਲ ਕਾਰਨਾਂ ਦਾ ਪਤਾ ਲਗਾਉਣ ਅਤੇ ਮਕੈਨੀਕਲ ਅਸਫਲਤਾ, ਮਨੁੱਖੀ ਗਲਤੀ ਅਤੇ ਰੈਗੂਲੇਟਰੀ ਪਾਲਣਾ ਸਮੇਤ ਕਿਸੇ ਵੀ ਯੋਗਦਾਨ ਪਾਉਣ ਵਾਲੇ ਕਾਰਕਾਂ ਦਾ ਮੁਲਾਂਕਣ ਕਰਨ ਲਈ ਇਕ ਉੱਚ ਪੱਧਰੀ ਬਹੁ-ਅਨੁਸ਼ਾਸਨੀ ਪੈਨਲ ਦਾ ਗਠਨ ਕੀਤਾ ਹੈ। ਕੇਂਦਰੀ ਗ੍ਰਹਿ ਸਕੱਤਰ ਗੋਵਿੰਦ ਮੋਹਨ ਦੀ ਅਗਵਾਈ ਵਾਲੇ ਪੈਨਲ ਨੂੰ ਤਿੰਨ ਮਹੀਨਿਆਂ ’ਚ ਅਪਣੀ ਰੀਪੋਰਟ ਦੇਣ ਦਾ ਹੁਕਮ ਦਿਤਾ ਗਿਆ ਸੀ। ਅਧਿਕਾਰੀਆਂ ਨੇ ਪਹਿਲਾਂ ਦਸਿਆ ਸੀ ਕਿ ਪੀੜਤ ਪਰਵਾਰਾਂ ਨਾਲ ਤਾਲਮੇਲ ਲਈ 230 ਟੀਮਾਂ ਦਾ ਗਠਨ ਕੀਤਾ ਗਿਆ ਸੀ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## ਇਜ਼ਰਾਈਲ ਨੇ ਈਰਾਨੀ ਰੱਖਿਆ ਮੰਤਰਾਲੇ 'ਤੇ ਕੀਤਾ ਹਮਲਾ, ਤਹਿਰਾਨ ਅਤੇ ਬੁਸ਼ਹਰ ਵਿੱਚ ਤੇਲ ਡਿਪੂਆਂ 'ਤੇ ਕੀਤੀ ਬੰਬਾਰੀ



**ਤਹਿਰਾਨ।** ਈਰਾਨ ਅਤੇ ਇਜ਼ਰਾਈਲ ਨੇ ਸ਼ਨੀਵਾਰ ਦੇਰ ਰਾਤ ਇੱਕ ਵਾਰ ਫਿਰ ਇੱਕ ਦੂਜੇ 'ਤੇ ਕਈ ਮਿਜ਼ਾਈਲਾਂ ਦਾਗੀਆਂ। ਦੋਨਾਂ ਦੇਸ਼ਾਂ ਵਿਚਕਾਰ ਪਿਛਲੇ 48 ਘੰਟਿਆਂ ਤੋਂ ਟਕਰਾਅ ਜਾਰੀ ਹੈ। ਇਜ਼ਰਾਈਲ ਦਾ ਦਾਅਵਾ ਹੈ ਕਿ ਉਸਨੇ ਤਹਿਰਾਨ ਵਿੱਚ ਰੱਖਿਆ ਮੰਤਰਾਲੇ ਨੂੰ ਨਿਸ਼ਾਨਾ ਬਣਾਇਆ ਹੈ। ਇਸ ਤੋਂ ਇਲਾਵਾ, ਤਹਿਰਾਨ ਅਤੇ ਬੁਸ਼ਹਰ ਵਿੱਚ ਤੇਲ ਡਿਪੂਆਂ ਅਤੇ ਗੈਸ ਰਿਫਾਇਨਰੀਆਂ ਸਮੇਤ 150 ਤੋਂ ਵੱਧ ਟੀਚਿਆਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਦੋ ਦਿਨਾਂ ਦੀ ਲੜਾਈ ਵਿੱਚ ਹੁਣ ਤੱਕ 138 ਈਰਾਨੀ ਮਾਰੇ ਗਏ ਹਨ, ਜਿਨ੍ਹਾਂ ਵਿੱਚ 9 ਪ੍ਰਮਾਣੂ ਵਿਗਿਆਨੀ ਅਤੇ 20 ਤੋਂ ਵੱਧ ਈਰਾਨੀ ਕਮਾਂਡਰ ਸ਼ਾਮਿਲ ਹਨ। ਇਸ ਤੋਂ ਇਲਾਵਾ, 350 ਤੋਂ ਵੱਧ ਜ਼ਖਮੀ ਹੋਏ ਹਨ। ਈਰਾਨ ਦੀ ਰਾਜਧਾਨੀ ਤਹਿਰਾਨ ਸਮੇਤ 7 ਰਾਜਾਂ ਵਿੱਚ ਹਵਾਈ ਰੱਖਿਆ ਪ੍ਰਣਾਲੀ ਨੂੰ ਸਰਗਰਮ ਕੀਤਾ ਗਿਆ ਹੈ। ਈਰਾਨ ਨੇ ਵੀ ਇਜ਼ਰਾਈਲ 'ਤੇ 150 ਤੋਂ ਵੱਧ ਮਿਜ਼ਾਈਲਾਂ ਦਾਗੀਆਂ ਹਨ। ਹਮਲੇ ਵਿੱਚ 13 ਇਜ਼ਰਾਈਲੀ ਮਾਰੇ ਗਏ ਹਨ ਅਤੇ 300 ਤੋਂ ਵੱਧ ਜ਼ਖਮੀ ਹੋਏ ਹਨ। ਈਰਾਨ ਨੇ 3 ਇਜ਼ਰਾਈਲੀ ਐੱਫ-35 ਜਹਾਜ਼ਾਂ ਨੂੰ ਡੇਗਣ ਦਾ ਵੀ ਦਾਅਵਾ ਕੀਤਾ ਹੈ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ ’ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : Devinder Chander

Mob: 07878 456 484

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

## ਅਮਰੀਕਾ ਵਿੱਚ 2 ਸੰਸਦ ਮੈਂਬਰਾਂ 'ਤੇ ਘਰ'ਚ ਦਾਖਲ ਹੋ ਕੇ ਚਲਾਈਆਂ ਗੋਲੀਆਂ, ਮਹਿਲਾ ਸਾਂਸਦ ਤੇ ਪਤੀ ਦੀ ਮੌਤ




**ਮਿਨੇਸੋਟਾ।** ਅਮਰੀਕਾ ਦੇ ਮਿਨੇਸੋਟਾ ਤੋਂ ਦੋ ਡੈਮੋਕ੍ਰੇਟਿਕ ਸੰਸਦ ਮੈਂਬਰਾਂ ਨੂੰ ਉਨ੍ਹਾਂ ਦੇ ਘਰਾਂ ਵਿੱਚ ਗੋਲੀ ਮਾਰ ਦਿੱਤੀ ਗਈ। ਪਹਿਲੀ ਘਟਨਾ ਵਿੱਚ, ਡੈਮੋਕ੍ਰੇਟਿਕ ਸਟੇਟ ਪ੍ਰਤੀਨਿਧੀ ਮੇਲਿਸਾ ਹੌਰਟਮੈਨ ਅਤੇ ਉਨ੍ਹਾਂ ਦੇ ਪਤੀ ਮਾਰਕ ਦੀ ਮੌਤ ਹੋ ਗਈ ਹੈ।ਦੂਜੀ ਘਟਨਾ ਵਿੱਚ, ਡੈਮੋਕ੍ਰੇਟਿਕ ਸਟੇਟ ਸੈਨੇਟਰ ਜੌਨ ਹਾਫਮੈਨ ਅਤੇ ਉਸਦੀ ਪਤਨੀ ਯਵੇਟ ਨੂੰ ਕਈ ਗੋਲੀਆਂ ਮਾਰੀਆਂ ਗਈਆਂ ਹਨ। ਦੋਵੇਂ ਜ਼ਖਮੀ ਹਨ। ਦੋਨਾਂ ਦੀ ਸਰਜਰੀ ਹੋਈ ਹੈ ਅਤੇ ਡਾਕਟਰਾਂ ਨੂੰ ਉਮੀਦ ਹੈ ਕਿ ਉਹ ਬਚ ਜਾਣਗੇ।ਮਿਨੇਸੋਟਾ ਦੇ ਗਵਰਨਰ ਟਿਮ ਵਾਲਜ਼ ਨੇ ਇਸ ਘਟਨਾ ਬਾਰੇ ਕਿਹਾ ਕਿ ਦੋਵੇਂ ਸੰਸਦ ਮੈਂਬਰਾਂ 'ਤੇ ਹਮਲਾ ਰਾਜਨੀਤਿਕ ਤੌਰ 'ਤੇ ਪ੍ਰੇਰਿਤ ਜਾਪਦਾ ਹੈ। ਮੇਲਿਸਾ ਇੱਕ ਸ਼ਾਨਦਾਰ ਜਨਤਕ ਸੇਵਕ ਸਨ। ਕੋਈ ਵੀ ਉਨ੍ਹਾਂਦੀ ਜਗ੍ਹਾ ਨਹੀਂ ਲੈ ਸਕਦਾ।ਪੁਲਿਸ ਨੇ ਕਿਹਾ ਕਿ ਹਮਲਾਵਰ ਹਾਲੇ ਵੀ ਫਰਾਰ ਹੈ। ਉਸਨੇ ਆਪਣੇ ਆਪ ਨੂੰ ਬੰਦੂਕਧਾਰੀ ਪੁਲਿਸ ਅਧਿਕਾਰੀ ਦੇ ਭੇਸ ਵਿੱਚ ਰੱਖਿਆ ਹੈ। ਉਸਦੀ ਵਰਦੀ ਦੇਖ ਕੇ, ਕੋਈ ਵੀ ਸੋਚੇਗਾ ਕਿ ਉਹ ਇੱਕ ਅਸਲੀ ਪੁਲਿਸ ਵਾਲਾ ਹੈ। ਉਸਦੀ ਕਾਰ ਜ਼ਬਤ ਕਰ ਲਈ ਗਈ ਹੈ।ਪੁਲਿਸ ਨੇ ਕਿਹਾ ਕਿ ਹਮਲਾ ਕੀਤੇ ਗਏ ਦੋਵਾਂ ਸੰਸਦ ਮੈਂਬਰਾਂ ਦੇ ਘਰ ਚੈਂਪਲਿਨ ਅਤੇ ਬਰੁਕਲਿਨ ਪਾਰਕ ਵਿੱਚ ਇੱਕ ਦੂਜੇ ਤੋਂ ਲਗਭਗ 12 ਕਿਲੋਮੀਟਰ ਦੂਰ ਹਨ। ਸੈਨੇਟਰ ਹਾਫਮੈਨ ਅਤੇ ਉਨ੍ਹਾਂ ਦੀ ਪਤਨੀ ਯਵੇਟ ਚੈਂਪਲਿਨ ਵਿੱਚ ਰਹਿੰਦੇ ਹਨ।

## ਮਹਾਰਾਸ਼ਟਰ ਦੇ ਪੁਣੇ 'ਚ ਵੱਡਾ ਹਾਦਸਾ, ਪੁਲ ਟੁੱਟਣ ਕਾਰਨ 15-20 ਲੋਕ ਤੇਜ਼ ਵਹਾਅ 'ਚ ਰੁੜੇ



**ਪੁਣੇ।** ਮਹਾਰਾਸ਼ਟਰ ਦੇ ਪੁਣੇ ਪੇਂਡੂ ਖੇਤਰ ਵਿੱਚ ਸਥਿਤ ਤਾਲੇਗਾਂਵ ਵਿੱਚ ਅੱਜ ਦੁਪਹਿਰ ਇੱਕ ਵੱਡਾ ਹਾਦਸਾ ਵਾਪਰਿਆ, ਜਦੋਂ ਝਰਨੇ ਦੇ ਨੇੜੇ ਬਣਿਆ ਇੱਕ ਪੁਰਾਣਾ ਲੋਹੇ ਦਾ ਪੁਲ ਅਚਾਨਕ ਟੁੱਟ ਗਿਆ। ਉਸ ਸਮੇਂ ਪੁਲ 'ਤੇ 30 ਤੋਂ ਵੱਧ ਲੋਕ ਮੌਜੂਦ ਸਨ, ਜੋ ਝਰਨੇ ਵੱਲ ਜਾ ਰਹੇ ਸਨ ਜਾਂ ਤਸਵੀਰਾਂ ਖਿੱਚ ਰਹੇ ਸਨ। ਮੌਕੇ 'ਤੇ ਮੌਜੂਦ ਲੋਕਾਂ ਦੇ ਅਨੁਸਾਰ, ਪੁਲ ਦਾ ਇੱਕ ਹਿੱਸਾ ਜ਼ੋਰਦਾਰ ਆਵਾਜ਼ ਨਾਲ ਡਿੱਗ ਪਿਆ ਅਤੇ ਕੁਝ ਹੀ ਦੇਰ ਵਿੱਚ ਦਰਜਨਾਂ ਲੋਕ ਝਰਨੇ ਦੇ ਤੇਜ਼ ਵਹਾਅ ਵਿੱਚ ਵਹਿ ਗਏ। ਮੌਕੇ 'ਤੇ ਚੀਕ-ਚਿਹਾੜਾ ਮੱਚ ਪਿਆ। ਨੇੜੇ-ਤੇੜੇ ਮੌਜੂਦ ਲੋਕ ਮਦਦ ਲਈ ਭੱਜੇ, ਪਰ ਪਾਣੀ ਦੀ ਤੇਜ਼ ਰਫ਼ਤਾਰ ਨੇ ਕਿਸੇ ਨੂੰ ਵੀ ਸੰਭਲਣ ਹੋਣ ਦਾ ਮੌਕਾ ਨਹੀਂ ਦਿੱਤਾ। ਸਥਾਨਕ ਪ੍ਰਸ਼ਾਸਨ ਨੂੰ ਤੁਰੰਤ ਸੂਚਿਤ ਕੀਤਾ ਗਿਆ, ਜਿਸ ਤੋਂ ਬਾਅਦ ਸ਼ਧ੍ਰਢ ਦੀਆਂ ਟੀਮਾਂ ਮੌਕੇ 'ਤੇ ਪਹੁੰਚ ਗਈਆਂ। ਹੁਣ ਤੱਕ ਪ੍ਰਾਪਤ ਜਾਣਕਾਰੀ ਅਨੁਸਾਰ, 15 ਤੋਂ ਵੱਧ ਲੋਕ ਅਜੇ ਵੀ ਲਾਪਤਾ ਹਨ। ਕੁਝ ਲੋਕਾਂ ਨੂੰ ਸਥਾਨਕ ਲੋਕਾਂ ਅਤੇ ਬਚਾਅ ਟੀਮਾਂ ਨੇ ਬਚਾਇਆ ਹੈ, ਪਰ ਬਹੁਤ ਸਾਰੇ ਲੋਕ ਅਜੇ ਵੀ ਪਾਣੀ ਵਿੱਚ ਵਹਿ ਗਏ ਹਨ ਅਤੇ ਉਨ੍ਹਾਂ ਦੀ ਭਾਲ ਜਾਰੀ ਹੈ। ਇੱਕ ਚਸ਼ਮਦੀਦ ਗਵਾਹ ਨੇ ਦੱਸਿਆ ਕਿ ਪੁਲ ਬਹੁਤ ਕਮਜ਼ੋਰ ਸੀ, ਪਹਿਲਾਂ ਵੀ ਕਈ ਵਾਰ ਸ਼ਿਕਾਇਤਾਂ ਕੀਤੀਆਂ ਗਈਆਂ ਸਨ, ਪਰ ਕੋਈ ਸੁਧਾਰ ਨਹੀਂ ਹੋਇਆ। ਅੱਜ ਜੋ ਹੋਇਆ ਉਹ ਲਾਪਰਵਾਹੀ ਦਾ ਨਤੀਜਾ ਹੈ। ਪੁਲਿਸ ਅਤੇ ਪ੍ਰਸ਼ਾਸਨ ਨੇ ਇਲਾਕੇ ਨੂੰ ਸੀਲ ਕਰ ਦਿੱਤਾ ਹੈ ਅਤੇ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀਆਂ ਅਫਵਾਹਾਂ ਨਾ ਫੈਲਾਉਣ ਦੀ ਅਪੀਲ ਕੀਤੀ ਹੈ। ਬਚਾਅ ਕਾਰਜ ਜੰਗੀ ਪੱਧਰ 'ਤੇ ਚੱਲ ਰਿਹਾ ਹੈ।

## ਰੋਹਤਕ ਵਿੱਚ ਐੱਸਡੀਐੱਮ ਦੀ ਚੱਲਦੀ ਬੋਲੈਰੋ ਗੱਡੀ ਨੂੰ ਲੱਗੀ ਅੱਗ, ਐੱਸਡੀਐੱਮ ਵੀ ਸਨ ਸਵਾਰ



**ਰੋਹਤਕ।** ਹਰਿਆਣਾ ਦੇ ਰੋਹਤਕ ਵਿੱਚ ਐੱਸਡੀਐੱਮ ਦੀ ਚੱਲਦੀ ਬੋਲੈਰੋ ਕਾਰ ਨੂੰ ਅੱਗ ਲੱਗ ਗਈ। ਕੁਝ ਸਕਿੰਟਾਂ ਵਿੱਚ ਹੀ ਪੂਰੀ ਕਾਰ ਅੱਗ ਵਿੱਚ ਸੜ ਗਈ। ਟਾਇਰ ਅਤੇ ਸੀਟਾਂ ਪਿਘਲ ਗਈਆਂ ਸਨ। ਪੁਲਿਸ ਨੂੰ ਵੀ ਸੂਚਿਤ ਕੀਤਾ ਗਿਆ। ਪਰ, ਪੁਲਿਸ ਦੇ ਪਹੁੰਚਣ ਤੋਂ ਪਹਿਲਾਂ, ਰਾਹਗੀਰਾਂ ਨੇ ਅੱਗ 'ਤੇ ਕਾਬੂ ਪਾ ਲਿਆ। ਇਹ ਘਟਨਾ ਕਲਾਨੌਰ-ਭਿਵਾਨੀ ਰੋਡ 'ਤੇ ਵਾਪਰੀ। ਕਾਰ ਲੋਹਾਰੂ ਐੱਸਡੀਐਮ ਦਫ਼ਤਰ ਦੀ ਹੈ, ਜਿਸ ਵਿੱਚ ਐੱਸਡੀਐੱਮ ਮਨੋਜ ਕੁਮਾਰ ਮੌਜੂਦ ਸੀ। ਉਸਦਾ ਡਰਾਈਵਰ ਸੋਮਵੀਰ ਕਾਰ ਚਲਾ ਰਿਹਾ ਸੀ। ਜਿਵੇਂ ਹੀ ਉਹ ਖੈਰਡੀ ਮੋੜ ਦੇ ਨੇੜੇ ਪਹੁੰਚੇ, ਕਾਰ ਦਾ ਏਸੀ ਅਚਾਨਕ ਕੰਮ ਕਰਨਾ ਬੰਦ ਕਰ ਦਿੱਤਾ। ਜਦੋਂ ਡਰਾਈਵਰ ਕਾਰ ਦੀ ਜਾਂਚ ਕਰ ਰਿਹਾ ਸੀ, ਤਾਂ ਉਸ ਵਿੱਚੋਂ ਧੂੰਆਂ ਨਿਕਲਣਾ ਸ਼ੁਰੂ ਹੋ ਗਿਆ। ਇਸ ਵਿੱਚ ਵੀ ਅੱਗ ਲੱਗ ਗਈ। ਦੋਨਾਂ ਨੇ ਇਸ ਤੋਂ ਦੂਰ ਜਾ ਕੇ ਆਪਣੀ ਜਾਨ ਬਚਾਈ। ਸ਼ੁਰੂਆਤੀ ਜਾਂਚ ਵਿੱਚ ਸ਼ੱਕ ਹੈ ਕਿ ਇਹ ਹਾਦਸਾ ਗਰਮੀ ਕਾਰਨ ਏਸੀ ਵਿੱਚ ਖਰਾਬੀ ਕਾਰਨ ਹੋਇਆ ਹੈ।

SHAM LAL CHANDER
ID no. 921760
BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Chander Consultants Limited, London, UK 07488841161

# ਬਾਵਾ ਨੇ ਗੁਰਜੀਤ ਸਿੰਘ ਔਜਲਾ ਨੂੰ "ਸੰਘਰਸ਼ ਦੇ 45 ਸਾਲ" ਪੁਸਤਕ ਭੇਂਟ ਕੀਤੀ

## ਆਸ਼ੂ ਦੀ ਜਿੱਤ 2027 ਵਿੱਚ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਕਾਂਗਰਸ ਪਾਰਟੀ ਦੀ ਜਿੱਤ ਦਾ ਮੁੱਢ ਬੰਨੇਗੀ- ਔਜਲਾ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)-** ਮੈਂਬਰ ਪਾਰਲੀਮੈਂਟ ਅੰਮ੍ਰਿਤਸਰ ਗੁਰਜੀਤ ਸਿੰਘ ਔਜਲਾ ਸੀਨੀਅਰ ਕਾਂਗਰਸੀ ਨੇਤਾ ਕ੍ਰਿਸ਼ਨ ਕੁਮਾਰ ਬਾਵਾ ਸਾਬਕਾ ਪ੍ਰਧਾਨ ਜ਼ਿਲ੍ਹਾ ਕਾਂਗਰਸ ਕਮੇਟੀ ਕੋਆਰਡੀਨੇਟਰ ਏ.ਆਈ.ਸੀ.ਸੀ. ਦੇ ਗ੍ਰਹਿ ਰਾਜਗੁਰੂ ਨਗਰ ਆਏ ਅਤੇ ਭਾਰਤ ਭੂਸ਼ਣ ਆਸ਼ੂ ਦੀ ਚੋਣ ਮੁਹਿੰਮ ਨੂੰ ਹੋਰ ਤੇਜ਼ ਕਰਨ ਲਈ ਵਿਚਾਰਾਂ ਹੋਈਆਂ। ਉਹਨਾਂ ਕਿਹਾ ਕਿ ਇਹ ਜਿੱਤ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਪਾਰਟੀ ਦੀ ਜਿੱਤ ਦਾ ਮੁੱਢ ਬੰਨੇਗੀ। ਇਸ ਸਮੇਂ ਸ਼੍ਰੀ ਬਾਵਾ ਨੇ ਉਹਨਾਂ ਦਾ ਗ੍ਰਹਿ ਵਿਖੇ ਆਉਣ ਲਈ ਧੰਨਵਾਦ ਕੀਤਾ ਅਤੇ ਉਨ੍ਹਾਂ ਦੇ



ਜੀਵਨ ਦੇ 45 ਸਾਲ ਦੇ ਸੰਘਰਸ਼ ਦੇ ਲਿਖੀ ਪੁਸਤਕ "ਸੰਘਰਸ਼ ਦੇ 45 ਸਾਲ" ਭੇਂਟ ਕੀਤੀ ਜਿਸ ਵਿੱਚ ਬਾਵਾ ਦੇ ਜੀਵਨ ਦੇ ਵੱਖ-ਵੱਖ ਪੱਖਾਂ 'ਤੇ ਚਾਨਣਾ ਪਾਇਆ ਗਿਆ ਹੈ। ਬਾਵਾ ਨੇ ਸਿਆਸੀ, ਸਮਾਜਿਕ, ਸੱਭਿਆਚਾਰਿਕ ਅਤੇ ਧਾਰਮਿਕ ਖੇਤਰ ਵਿੱਚ ਵਿਸ਼ਵ ਵਿੱਚ ਪਹਿਚਾਣ ਬਣਾਈ ਹੈ। ਉਹਨਾਂ ਦੀ ਮਿਹਨਤ ਅਤੇ ਸਮਾਜਿਕ ਮਿਲਵਰਤਨ ਹੀ ਉਹਨਾਂ ਦੀ ਬਹੁਪੱਖੀ ਸ਼ਖਸ਼ੀਅਤ ਨੂੰ ਉਭਾਰਦਾ ਹੈ। ਇਸ ਸਮੇਂ ਯੂਥ ਨੇਤਾ ਕੋਆਰਡੀਨੇਟਰ ਅਮਰਿੰਦਰ ਜੱਸੋਵਾਲ, ਅਵਤਾਰ ਸਿੰਘ ਪ੍ਰਧਾਨ ਰਾਜਗੁਰੂ ਨਗਰ ਵੈਲਫੇਅਰ ਸੋਸਾਇਟੀ, ਗੁਰਦਿਆਲ ਸਿੰਘ ਮੁੱਖ ਸਰਪ੍ਰਸਤ ਅਤੇ ਗੁਰਚਰਨ ਸਿੰਘ ਰਿਟਾਇਰਡ ਡੀ.ਐਸ.ਪੀ. ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਗੁਰਦੁਆਰਾ ਸਾਹਿਬ ਦੀ ਕਮੇਟੀ ਵੱਲੋਂ ਲੋੜਵੰਦ ਮਰੀਜ਼ਾਂ ਲਈ ਚੈਰੀਟੇਬਲ ਹਸਪਤਾਲ ਬਣਾਉਣਾ ਸੱਚੀ ਮਨੁੱਖੀ ਸੇਵਾ- ਹਰਜਿੰਦਰ ਸਿੰਘ ਧਾਮੀ

## ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਨੇ ਸ਼੍ਰੋਮਣੀ ਕਮੇਟੀ ਪ੍ਰਧਾਨ ਨੂੰ ਜੈਕਾਰਿਆਂ ਦੀ ਗੂੰਜ 'ਚ ਕੀਤਾ ਸਨਮਾਨਿਤ

**ਲੁਧਿਆਣਾ ( ਕਰਨੈਲ ਸਿੰਘ ਐੱਮ.ਏ.)** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਿੱਖ ਗੁਰੂ ਸਾਹਿਬਾਨ ਵੱਲੋਂ ਬਖਸ਼ੇ ਸੇਵਾ ਤੇ ਸਿਮਰਨ ਦੇ ਸੰਕਲਪ ਦੇ ਨਾਲ ਸੰਗਤਾਂ ਨੂੰ ਵੱਧ ਤੋਂ ਵੱਧ ਜੋੜਨ ਅਤੇ ਆਪਣੀ ਉਸਾਰੂ ਸੋਚ ਨੂੰ ਮੁਨੱਖੀ ਸੇਵਾ ਕਾਰਜਾਂ ਵਿੱਚ ਲਗਾਉਣ ਵਾਲੀਆਂ ਗੁਰਦੁਆਰਾ ਕਮੇਟੀਆਂ ਤੇ ਸੰਸਥਾਵਾਂ ਕੌਮ ਅਤੇ ਸਮਾਜ ਦੇ ਲਈ ਚਾਨਣ-ਮੁਨਾਰਾ ਹੁੰਦੀਆਂ ਹਨ । ਅੱਜ ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ ਹਰਨਾਮ ਨਗਰ ਦੀ ਪ੍ਰਬੰਧਕੀ ਕਮੇਟੀ ਦੀ ਸੁਹਿਰਦ ਸੋਚ ਵਾਲੀ ਅਗਵਾਈ ਹੇਠ ਦੀਨ ਦੁਖੀਆਂ ਦੇ ਇਲਾਜ ਲਈ ਚੱਲ ਰਹੇ ਗੁਰੂ ਰਾਮਦਾਸ ਚੈਰੀਟੇਬਲ ਹਸਪਤਾਲ ਦਾ ਨਿਰੀਖਣ ਕਰਨ ਲਈ ਉਚੇਚੇ ਤੌਰ ਤੇ ਪੁੱਜੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਰਾਮਦਾਸ ਚੈਰੀਟੇਬਲ ਹਸਪਤਾਲ ਦੀ ਸਥਾਪਨਾ ਕਰਕੇ ਥੋੜ੍ਹੇ ਪੈਸਿਆਂ ਵਿੱਚ ਮਰੀਜ਼ਾਂ ਨੂੰ ਆਧੁਨਿਕ ਇਲਾਜ ਸੁਵਿਧਾਵਾਂ ਉਪਲਬਧ ਕਰਵਾਉਣਾ ਸ਼ਲਾਘਾਯੋਗ ਕਾਰਜ ਹੈ। ਜਿਸ ਦੇ ਲਈ ਮੈਂ ਪ੍ਰਬੰਧਕਾਂ ਨੂੰ ਆਪਣੀ ਦਿਲੀ ਮੁਬਾਰਕਬਾਦ ਦੇਂਦਾ ਹਾਂ। ਇਸ ਦੌਰਾਨ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸ੍ਰ: ਗੁਰਮੀਤ



ਸਿੰਘ ਸਲੂਜਾ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਜਿੱਥੇ ਉਕਤ ਚੈਰੀਟੇਬਲ ਹਸਪਤਾਲ ਅੰਦਰ ਲੋੜਵੰਦ ਮਰੀਜ਼ਾਂ ਦੇ ਇਲਾਜ ਲਈ ਚੱਲ ਰਹੀਆਂ ਆਧੁਨਿਕ ਸਿਹਤ ਸਹੂਲਤਾਂ ਦੀ ਜਾਣਕਾਰੀ ਦਿੱਤੀ ਉੱਥੇ ਨਾਲ ਹੀ ਦੱਸਿਆ ਕਿ ਜਲਦੀ ਹੀ ਗੁਰੂ ਰਾਮਦਾਸ ਚੈਰੀਟੇਬਲ ਹਸਪਤਾਲ ਵਿਖੇ ਸੰਗਤਾਂ ਦੇ ਨਿੱਘੇ ਸਹਿਯੋਗ ਨਾਲ ਮਰੀਜ਼ਾਂ ਦੀ ਸਹੂਲਤ ਨਵੀਂ ਐਕਸਰੇ ਮਸ਼ੀਨ ਸਥਾਪਿਤ ਕੀਤੀ ਜਾਵੇਗੀ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸੇਵਾਦਾਰ ਸ੍ਰ: ਗੁਰਮੀਤ ਸਿੰਘ ਸਲੂਜਾ ਵੱਲੋਂ ਆਪਣੇ ਸਾਥੀ ਅਹੁਦੇਦਾਰ ਸਾਹਿਬਾਨ ਨਾਲ ਮਿਲ ਕੇ ਸਾਂਝੇ ਰੂਪ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਸਿਰੋਪਾਉ ਭੇਟ ਕਰਕੇ ਸਨਮਾਨਿਤ ਕੀਤਾ। ਇਸ ਸਮੇਂ ਉਨ੍ਹਾਂ ਦੇ ਨਾਲ ਸੀਨੀਅਰ ਅਕਾਲੀ ਆਗੂ ਬਾਬਾ ਅਜੀਤ ਸਿੰਘ ਤੇ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਅਮਰਜੀਤ ਸਿੰਘ ਚਾਵਲ, ਗੁਰਦੁਆਰਾ ਸਾਹਿਬ ਦੇ ਚੇਅਰਮੈਨ ਬਲਦੇਵ ਸਿੰਘ, ਗੁਰਚਰਨ ਸਿੰਘ ਚੰਨ ਸੀਨੀਅਰ ਮੀਤ ਪ੍ਰਧਾਨ, ਅਮਰਜੀਤ ਸਿੰਘ ਟੋਨੀ ਮੱਕੜ, ਕੁਲਵਿੰਦਰ ਸਿੰਘ ਲਾਡੀ ਦਿਲਜੰਗ ਸਿੰਘ, ਅਮਰਜੀਤ ਸਿੰਘ ਪਰੂਥੀ, ਜਗਤਾਰ ਸਿੰਘ ਸੈਨੀ, ਮਹਿੰਦਰਪਾਲ ਸਿੰਘ ਗਲਹੋ-ਤਰਾ, ਕੁਲਦੀਪ ਸਿੰਘ ਦੀਪਾ, ਭੁਪਿੰਦਰ ਸਿੰਘ ਸਲੂਜਾ, ਰਜਿੰਦਰ ਸਿੰਘ ਸਲੂਜਾ, ਸੁਰਿੰਦਰਪਾਲ ਸਿੰਘ ਜਸਬੀਰ ਸਿੰਘ ਜੇ ਸੰਨਜ਼, ਹਰਕ੍ਰਿਸ਼ਨ ਸਿੰਘ ਮੱਕੜ, ਹਰਮਨਦੀਪ ਸਿੰਘ, ਭੁਪਿੰਦਰ ਸਿੰਘ ਛਾਬੜਾ, ਕੰਵਲਜੀਤ ਸਿੰਘ ਛਾਬੜਾ, ਅਮਰੀਕ ਸਿੰਘ ਬੱਤਰਾ, ਅਮਰਜੀਤ ਸਿੰਘ ਟੈਕਸਲਾ, ਜਸਪਾਲ ਸਿੰਘ ਪਿੰਕੀ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

# ਜੀ ਡੀ ਗੋਇਨਕਾ ਸਕੂਲ ਦੇ ਵਿਦਿਆਰਥੀਆਂ ਨੇ ਮਨਾਇਆ ਪਿਤਾ ਦਿਵਸ

**ਕਪੂਰਥਲਾ ( ਕੌੜਾ )-** ਜੀ ਡੀ ਗੋਇਨਕਾ ਇੰਟਰਨੈਸ਼ਨਲ ਸਕੂਲ ਕਪੂਰਥਲਾ ਵਿਖੇ ਵਿਦਿਆਰਥੀਆਂ ਨੇ ਪਿਤਾ ਦਿਵਸ (ਫਾਦਰ ਡੇਅ) ਮਨਾਇਆ। ਸਕੂਲ ਵਿੱਚ ਛੁੱਟੀਆਂ ਹੋਣ ਕਰਕੇ ਵਿਦਿਆਰਥੀਆਂ ਨੇ ਘਰਾਂ ਵਿੱਚ ਹੀ ਆਪਣੇ ਪਿਤਾ ਪ੍ਰਤੀ ਸਤਿਕਾਰ ਪ੍ਰਗਟ ਕਰਦੀਆਂ ਵੱਖ-ਵੱਖ ਗਤੀਵਿਧੀਆਂ ਕੀਤੀਆਂਙ ਬੱਚਿਆਂ ਵੱਲੋਂ ਕਾਰਡ ਬਣਾਏ ਗਏ ਜਿਨ੍ਹਾਂ ਰਾਹੀਂ ਆਪਣੇ ਪਿਤਾ ਪ੍ਰਤੀ ਸਤਿਕਾਰ ਪ੍ਰਗਟ ਕੀਤਾ ਗਿਆ । ਇਸ ਮੌਕੇ ਬੱਚਿਆਂ ਨੇ ਗੀਤਾਂ 'ਤੇ ਮਨਮੋਹਕ ਡਾਂਸ ਪੇਸ਼ ਕੀਤੇ। ਉਨ੍ਹਾਂ ਆਪਣੇ ਪਿਤਾ ਨਾਲ ਪ੍ਰੇਮ ਭਰਪੂਰ ਅਤੇ ਭਾਵੁਕ ਵੀਡੀਓ ਬਣਾ ਕੇ ਆਪਣੇ ਪਿਤਾ ਨਾਲ ਸਮਾਂ ਬਿਤਾਉਂਦੇ ਹੋਏ,ਉਨ੍ਹਾਂ ਦੀ ਕੰਮ ਵਿਚ ਮੱਦਦ ਕੀਤੀ ਅਤੇ ਆਪਣੇ



ਪਿਤਾ ਪ੍ਰਤੀ ਆਪਣੀ ਸ਼ੁਕਰਗੁਜ਼ਾਰੀ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਸਕੂਲ ਦੇ ਚੇਅਰਮੈਨ ਸਰਦਾਰ ਸੁਖਦੇਵ ਸਿੰਘ ਜੀ ਅਤੇ ਸਕੱਤਰ ਸ਼੍ਰੀਮਤੀ ਪਰਮਿੰਦਰ ਕੌਰ ਨੇ ਬੱਚਿਆਂ ਨੂੰ ਆਪਣੇ ਪਿਤਾ ਦਾ ਆਦਰ ਕਰਨ ਦੀ ਪ੍ਰੇਰਣਾ ਦਿੱਤੀ। ਉਨ੍ਹਾਂ ਕਿਹਾ ਕਿ ਇਹ ਖ਼ਾਸ ਦਿਨ ਪਿਤਾ ਦਾ ਧੰਨਵਾਦ ਕਰਨ ਅਤੇ ਸਤਿਕਾਰ ਕਰਨ ਦੇ ਮਹੱਤਵ ਨੂੰ ਉਜਾਗਰ ਕਰਦਾ ਹੈ, ਪਿਤਾ ਪਰਿਵਾਰ ਦੀ ਤਾਕਤ ਦਾ ਉਹ ਥੰਮ੍ਹ ਹੁੰਦਾ ਹੈ ਜੋ ਜ਼ਿੰਦਗੀ ਦੇ ਸਾਰੇ ਖੁਸ਼ਹਾਲ ਅਤੇ ਚੁਣੌਤੀਪੂਰਣ ਪਲਾਂ ਵਿੱਚ ਵੀ ਪਰਿਵਾਰ ਨੂੰ ਇਕਜੁੱਟ ਰੱਖਣ ਦੀ ਕੋਸ਼ਿਸ਼ ਵਿੱਚ ਲੱਗਿਆ ਰਹਿੰਦਾ ਹੈ। ਜੇਕਰ ਅਸੀਂ ਸਾਰੇ ਆਪਣੇ ਪਿਤਾ ਦਾ ਸਤਿਕਾਰ ਕਰੀਏ ਅਤੇ ਉਨ੍ਹਾਂ ਦੇ ਤਿਆਗ ਨੂੰ ਹਮੇਸ਼ਾ ਯਾਦ ਰਖੀਏ ਤਾਂ ਇਸ ਤੋਂ ਵੱਡਾ ਤੋਹਫਾ ਆਪਣੇ ਪਿਤਾ ਲਈ ਪਿਤਾ ਦਿਵਸ ਤੇ ਨਹੀਂ ਹੋ ਸਕਦਾ। ਉਨ੍ਹਾਂ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਪਿਤਾ ਦਿਵਸ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਕਿਸ਼ੋਰੀ ਲਾਲ ਸ਼ਰਮਾ ਨੇ ਆਸ਼ੂ ਦੀ ਚੋਣ ਮੁਹਿੰਮ ਨੂੰ ਤੇਜ਼ ਕਰਦਿਆਂ ਅਨੇਕਾਂ ਜਨ ਸਭਾਵਾਂ ਨੂੰ ਸੰਬੋਧਨ ਕੀਤਾ ਅਤੇ ਵਰਕਰਾਂ ਨਾਲ ਰਾਬਤਾ ਬਣਵਾਇਆ

## ਰਾਜਗੁਰੂ ਨਗਰ ਵਿੱਚ ਬਾਵਾ, ਜੱਗਾ, ਸੋਨੀ ਨੇ ਹਰ ਬੂਹੇ 'ਤੇ ਦਸਤਕ ਦੇ ਕੇ ਕਾਂਗਰਸ ਪਾਰਟੀ ਲਈ ਵੋਟ ਮੰਗੀ





**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)**- ਕਿਸ਼ੋਰੀ ਲਾਲ ਸ਼ਰਮਾ ਮੈਂਬਰ ਪਾਰਲੀਮੈਂਟ ਅਮੇਠੀ ਵੱਲੋਂ ਲੁਧਿਆਣਾ ਪੱਛਮੀ ਹਲਕੇ ਦੀ ਜਿਮਣੀ ਚੋਣ ਵਿੱਚ ਨਿਭਾਇਆ ਜਾ ਰਿਹਾ ਰੋਲ ਚੋਣ ਮੁਹਿੰਮ ਨੂੰ ਹੋਰ ਮਜ਼ਬੂਤ ਬਣਾ ਰਿਹਾ ਹੈ। ਇਹ ਸ਼ਬਦ ਉਹਨਾਂ ਵੱਲੋਂ ਕਾਂਗਰਸ ਦੇ ਮੁੱਖ ਦਫਤਰ ਵਿੱਚ ਵਰਕਰਾਂ ਨਾਲ ਸਾਂਝੀਆਂ ਕੀਤੀਆਂ ਵਿਚਾਰਾਂ ਸਮੇਂ ਸੀਨੀਅਰ ਕਾਂਗਰਸੀ ਨੇਤਾ ਕ੍ਰਿਸ਼ਨ ਕੁਮਾਰ ਬਾਵਾ ਕੋਆਰਡੀਨੇਟਰ ਕੁੱਲ ਹਿੰਦ ਕਾਂਗਰਸ (ਓ.ਬੀ.ਸੀ) ਨੇ ਕਹੇ। ਇਸ ਸਮੇਂ ਸ਼੍ਰੀ ਸ਼ਰਮਾ ਨਾਲ ਕਲਿਆਣ ਸਿੰਘ ਗਾਂਧੀ ਵਿਸ਼ੇਸ਼ ਤੌਰ 'ਤੇ ਚੋਣ ਜਲਸਿਆਂ ਵਿੱਚ ਪਹੁੰਚੇ ਸਨ। ਸ਼੍ਰੀ ਬਾਵਾ ਨੇ ਕਿਹਾ ਕਿ ਗੁਰਜੀਤ ਸਿੰਘ ਰਾਣਾ ਦੀ ਯੋਗ ਅਗਵਾਈ ਵਰਕਰਾਂ ਵਿੱਚ ਜੋਸ਼ ਭਰ ਰਹੀ ਹੈ ਜਦਕਿ ਭਾਰਤ ਭੂਸ਼ਣ ਆਸ਼ੂ ਦੀ ਸਖਤ ਮਿਹਨਤ, ਤਜਰਬਾ, ਲਗਨ ਵੀ ਰੰਗ ਦਿਖਾਏਗਾ। ਉਹਨਾਂ ਕਿਹਾ ਕਿ ਪੰਜਾਬ ਭਰ ਤੋਂ ਕਾਂਗਰਸੀ ਨੇਤਾ ਅਤੇ ਵਰਕਰਾਂ ਦੇ ਹੌਸਲੇ ਬੁਲੰਦ ਹਨ। ਬਾਵਾ ਨੇ ਅੱਜ ਸਾਬਕਾ ਵਿਧਾਇਕ ਜਗਤਾਰ ਸਿੰਘ ਜੱਗਾ, ਸੋਨੀ ਗਾਲਿਬ, ਪ੍ਰਿੰਸੀਪਲ ਇੰਦਰਜੀਤ ਕੌਰ, ਮੋਹਨ ਸਿੰਘ ਖੰਡੂਰ, ਹਰਨੇਕ ਸਿੰਘ ਸਰਾਭਾ, ਯੂਥ ਨੇਤਾ ਚਾਵਲਾ ਸਰਪੰਚ ਬਲੀਪੁਰ, ਰਿੱਕੀ ਚੌਹਾਨ ਮੈਂਬਰ ਜ਼ਿਲ੍ਹਾ ਪ੍ਰੀਸ਼ਦ ਆਦਿ ਕਾਂਗਰਸੀ ਨੇਤਾਵਾਂ ਨਾਲ ਰਾਜਗੁਰੂ ਨਗਰ ਵਿਖੇ ਘਰ-ਘਰ ਜਾ ਕੇ ਉਥੋਂ ਦੇ ਵਸਨੀਕਾਂ ਨਾਲ ਸੰਪਰਕ ਕੀਤਾ ਅਤੇ ਕਾਂਗਰਸ ਪਾਰਟੀ ਦੇ ਉਮੀਦਵਾਰ ਭਾਰਤ ਭੂਸ਼ਣ ਆਸ਼ੂ ਲਈ ਵੋਟਾਂ ਮੰਗੀਆਂ।

# ਲੜਾਈ ਸੀਟ ਪ੍ਰਾਪਤੀ ਦੀ ਨਹੀਂ ਬਲਕਿ ਪੰਜਾਬ ਨੂੰ ਲੁੱਟਣ ਆਏ ਲੁਟੇਰਿਆਂ ਖਿਲਾਫ਼ – ਸੁਖਬੀਰ ਸਿੰਘ ਬਾਦਲ





**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਵਿਧਾਨ ਸਭਾ ਹਲਕਾ ਪੱਛਮੀ ਦੀ ਉਪ ਚੋਣ ਦੀ ਲੜਾਈ ਕੇਵਲ ਕੁਰਸੀ ਪ੍ਰਾਪਤੀ ਦੀ ਲੜਾਈ ਨਹੀ ਬਲਕਿ ਹੱਕ-ਸੱਚ ਲਈ ਲੜਨ ਵਾਲਿਆਂ ਤੇ ਝੂਠ ਦੀ ਦੁਕਾਨਦਾਰੀ ਚਲਾ ਕੇ ਪੰਜਾਬ ਨੂੰ ਲੁੱਟਣ ਲਈ ਦਿੱਲੀ ਤੋਂ ਆਏ ਲੁਟੇਰਿਆਂ ਦਰਮਿਆਨ ਹੈ, ਕਿਉ ਕਿ ਇਸੇ ਚੋਣ ਨੇ ਤੁਹਾਡਾ ਆਉਣ ਵਾਲਾ ਭਵਿੱਖ ਤੈਅ ਕਰਨਾ ਹੈ। ਇਸ ਲਈ ਦਿੱਲੀ ਦੀ ਲੁਟੇਰਾ ਫੌਜ਼ ਵੱਲੋ ਚੋਣ ਮੈਦਾਨ ਵਿੱਚ ਉਤਾਰੇ ਉਮੀਦਵਾਰ ਨੂੰ ਲੱਕ ਤੋੜਵੀਂ ਹਾਰ ਦੇਣ ਲਈ ਲੁਧਿਆਣਾ ਪੱਛਮੀ ਦੇ ਸਮੂਹ ਵੋਟਰ ਆਪੋ ਆਪਣੇ ਕਮਰਕੱਸੇ ਕੱਸ ਲੈਣ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ੍ਰ: ਸੁਖਬੀਰ ਸਿੰਘ ਬਾਦਲ ਨੇ ਜੱਥੇਦਾਰ ਤਰਨਜੀਤ ਸਿੰਘ ਨਿਮਾਣਾ ਦੀ ਸੁਹਿਰਦ ਅਗਵਾਈ ਹੇਠ ਟਕਸਾਲੀ ਅਕਾਲ ਆਗੂ ਸ੍ਰ: ਅਜੀਤ ਸਿੰਘ ਬੱਤਰਾ ਦੇ ਸਪੁੱਤਰ ਐਡਵੋਕੇਟ ਰਮਨਦੀਪ ਸਿੰਘ ਦੇ ਗ੍ਰਹਿ ਵਾਰਡ ਨੰਬਰ 68 ਹਾਊਸਿੰਗ ਬੋਰਡ ਕਾਲੋਨੀ, ਭਾਈ ਰਣਧੀਰ ਸਿੰਘ ਨਗਰ ਵਿਖੇ ਆਯੋਜਿਤ ਕੀਤੇ ਗਏ ਚੋਣ ਜਲਸੇ ਨੂੰ ਸੰਬੋਧਨ ਕਰਦਿਆਂ ਹੋਇਆਂ ਕੀਤਾ। ਵਿਧਾਨ ਸਭਾ ਹਲਕਾ ਲੁਧਿਆਣਾ ਪੱਛਮੀ ਤੋਂ ਉਪ ਚੋਣ ਲੜ ਰਹੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਐਡਵੋਕੇਟ ਪਰਉਪਕਾਰ ਸਿੰਘ ਘੁੰਮਣ ਦੇ ਹੱਕ ਵਿੱਚ ਚੋਣ ਪ੍ਰਚਾਰ ਕਰਨ ਲਈ ਪੁੱਜੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਪਣੀ ਜੋਸ਼ੀਲੀ ਤਕਰੀਰ ਵਿੱਚ ਕਿਹਾ ਕਿ ਜੇਕਰ ਪੰਜਾਬ ਨੂੰ ਆਰਥਿਕ, ਰਾਜਨੀਤਕ ਤੇ ਸਮਾਜਿਕ ਤੌਰ ਤੇ ਬਚਾਉਣਾ ਹੈ ਤਾਂ ਰਾਜ ਦੀ ਸੱਤਾ ਤੇ ਕਾਬਜ਼ ਲੁਟੇਰਿਆਂ ਖਿਲਾਫ ਸਾਨੂੰ ਪੂਰੀ ਇੱਕਜੁੱਟਤਾ ਨਾਲ ਆਪਣੀ ਆਵਾਜ਼ ਬੁਲੰਦ ਕਰਨੀ ਪਵੇਗੀ ਤਾਂ ਹੀ ਪੰਜਾਬ ਦਾ ਭਲਾ ਹੋ ਸਕੇਗਾ। ਉਨ੍ਹਾਂ ਨੇ ਕਿਹਾ ਸ਼੍ਰੋਮਣੀ ਅਕਾਲੀ ਦਲ ਵਾਹਦ ਇੱਕ ਅਜਿਹੀ ਪਾਰਟੀ ਹੈ ਜੋ ਪਿਛਲੇ 104 ਸਾਲਾਂ ਤੋਂ ਲਗਾਤਾਰ ਪੰਥ ਤੇ ਪੰਜਾਬੀਅਤ ਦੀ ਰਾਖੀ ਕਰਨ, ਪੰਜਾਬ ਦੇ ਹੱਕਾਂ ਦੀ ਰਾਖੀ ਕਰਨ ਵਿੱਚ ਹਮੇਸ਼ਾਂ ਆਪਣੀ ਆਵਾਜ਼ ਬੁਲੰਦ ਕਰਦੀ ਆਈ ਹੈ ਤੇ ਕਰਦੀ ਰਹੇਗੀ। ਇਸ ਦੌਰਾਨ ਉਨ੍ਹਾਂ ਨੇ ਸਥਾਨਕ ਨਿਵਾਸੀਆਂ, ਖਾਸ ਕਰਕੇ ਸ਼੍ਰੋਮਣੀ ਅਕਾਲੀ ਦਲ ਦੇ ਨਾਲ ਜੁੜੇ ਟਕਸਾਲੀ ਅਕਾਲੀ ਪਰਿਵਾਰਾਂ ਨੂੰ ਜ਼ੋਰਦਾਰ ਅਪੀਲ ਕਰਦਿਆਂ ਹੋਇਆਂ ਕਿਹਾ ਕਿ ਚੋਣ ਮੈਦਾਨ ਵਿੱਚ ਉਤਾਰੇ ਵਿਰੋਧੀ ਪਾਰਟੀਆਂ ਦੇ ਉਮੀਦਵਾਰਾਂ ਨੂੰ ਲੱਕ ਤੋੜਵੀਂ ਹਾਰ ਦੇਣ ਲਈ ਸਾਰੇ ਇਕਜੁੱਟ ਹੋ ਜਾਵੋ ਤੇ ਸ਼੍ਰੋਮਣੀ ਅਕਾਲੀ ਦਲ ਦੇ ਸੂਝਵਾਨ ਉਮੀਦਵਾਰ ਐਡਵੋਕੇਟ ਪਰਉਪ-ਕਾਰ ਸਿੰਘ ਘੁੰਮਣ ਨੂੰ ਭਾਰੀ ਬਹੁਮਤ ਨਾਲ ਜਿਤਾਉ ਤਾਂ ਕਿ ਇੱਕ ਨਵੇਂ ਇਤਿਹਾਸ ਦੀ ਸਿਰਜਣਾ ਕੀਤੀ ਜਾ ਸਕੇ। ਇਸ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ੍ਰ: ਸੁਖਬੀਰ ਸਿੰਘ ਬਾਦਲ ਅਤੇ ਉਨ੍ਹਾਂ ਦੇ ਨਾਲ ਵਿਸ਼ੇਸ਼ ਤੌਰ ਤੇ ਆਏ ਸੀਨੀਅਰ ਅਕਾਲੀ ਆਗੂ ਮਹੇਸ਼ਇੰਦਰ ਸਿੰਘ ਗਰੇਵਾਲ, ਸ਼ਰਨਜੀਤ ਸਿੰਘ ਢਿੱਲੋਂ, ਕੰਵਲਜੀਤ ਸਿੰਘ ਰੋਜ਼ੀ ਬਰਕੰਦੀ, ਸਰਬਜੀਤ ਸਿੰਘ ਝਿੰਜਰ ਦਾ ਜੱਥੇਦਾਰ ਤਰਨਜੀਤ ਸਿੰਘ ਨਿਮਾਣਾ ਦੀ ਅਗਵਾਈ ਹੇਠ ਬੱਤਰਾ ਪਰਿਵਾਰ ਦੇ ਮੈਂਬਰਾਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ ਉਪਰੰਤ ਜੈਕਾਰਿਆਂ ਦੀ ਗੂੰਜ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ੍ਰ: ਸੁਖਬੀਰ ਸਿੰਘ ਬਾਦਲ ਨੂੰ ਸਿਰੋਪਾਉ ਤੇ ਦੁਸ਼ਾਲੇ ਭੇਟ ਕਰਕੇ ਸਨਮਾਨਿਤ ਕੀਤਾ। ਇਸ ਮੌਕੇ ਤੇ ਪ੍ਰਭਜੋਤ ਸਿੰਘ ਧਾਲੀਵਾਲ, ਮਨਮੋਹਨ ਸਿੰਘ ਮਨੀ, ਐਡਵੋਕੇਟ ਗਗਨਪ੍ਰੀਤ ਸਿੰਘ, ਐਡਵੋਕੇਟ ਪਰਵਿੰਦਰ ਸਿੰਘ ਬੱਤਰਾ, ਰਮਨਦੀਪ ਸਿੰਘ ਰਿਕੀ ਬੱਤਰਾ, ਪ੍ਰਭਜੋਤ ਸਿੰਘ ਬੱਤਰਾ, ਦਿਲਸ਼ੇਰ ਸਿੰਘ ਬੱਤਰਾ, ਤਰਨਜੋਤ ਸਿੰਘ, ਅਗਮਦੀਪ ਸਿੰਘ ਬੱਤਰਾ, ਗੱਗੂ ਬੱਤਰਾ, ਹਰਸ਼ਦੀਪ ਸਿੰਘ ਬੱਤਰਾ, ਪਰਮਦੀਪ ਸਿੰਘ ਸੁਖੀਜਾ, ਕਰਨ ਅਰੋੜਾ, ਤਰਨਪ੍ਰੀਤ ਸਿੰਘ, ਗੁਰਪ੍ਰੀਤ ਸਿੰਘ ਬੇਦੀ, ਜਸਵੀਰ ਸਿੰਘ ਮਹਿਤਾ, ਹਰਪ੍ਰੀਤ ਸਿੰਘ ਸੰਨੀ ਹਾਜ਼ਰ ਸਨ ।

# ਭਾਰਤ ਵਿਕਾਸ ਪ੍ਰੀਸ਼ਦ ਵਿਵੇਕਾਨੰਦ ਵੱਲੋਂ ਵਿਸ਼ਵ ਖੂਨਦਾਤਾ ਦਿਵਸ ਮੌਕੇ ਖੂਨਦਾਨੀ ਸਨਮਾਨਿਤ

## ਰਵਿੰਦਰਪਾਲ ਨੇ 153 ਅਤੇ ਰਵਿੰਦਰ ਵੈਸ਼ਨਵ ਨੇ 58 ਵਾਰ ਦਿੱਤਾ ਖੂਨ



**ਭਾਰਤ ਵਿਕਾਸ ਪ੍ਰੀਸ਼ਦ ਵਿਵੇਕਾਨੰਦ ਡੇਰਾਬੱਸੀ ਦੇ ਪ੍ਰਧਾਨ ਡਾਕਟਰ ਬਰਖਾ ਰਾਮ ਦੀ ਅਗਵਾਈ ਵਿਚ ਖੂਨਦਾਨੀਆਂ ਦਾ ਸਨਮਾਨ ਕਰਦੇ ਹੋਏ।**

**ਡੇਰਾਬੱਸੀ (ਸੰਜੀਵ ਸਿੰਘ ਸੈਣੀ)** ਭਾਰਤ ਵਿਕਾਸ ਪ੍ਰੀਸ਼ਦ ਵਿਵੇਕਾਨੰਦ ਸ਼ਾਖਾ ਡੇਰਾਬਸੀ ਵੱਲੋਂ ਵਿਸ਼ਵ ਖੂਨਦਾਤਾ ਦਿਵਸ ਮਨਾਇਆ ਗਿਆ। ਇਸ ਮੌਕੇ ਇੱਕ ਦਰਜਨ ਤੋਂ ਵੱਧ ਧਾਰਮਿਕ ਅਤੇ ਸਮਾਜਿਕ ਸੰਸਥਾਵਾਂ ਦੇ ਨੁਮਾਇੰਦਿਆਂ ਅਤੇ ਖੂਨਦਾਨੀਆਂ ਦਾ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ ਹੈ। ਪ੍ਰੀਸ਼ਦ ਦੇ ਸੈਕਟਰੀ ਉਪੇਸ਼ ਬੰਸਲ ਵੱਲੋਂ ਦਿਤੀ ਗਈ ਜਾਣਕਾਰੀ ਅਨੁਸਾਰ ਪ੍ਰਧਾਨ ਡਾਕਟਰ ਬਰਖਾ ਰਾਮ ਦੀ ਅਗਵਾਈ ਹੇਠ ਐਸ.ਐਸ.ਜੈਨ ਸਭਾ, ਨਿਰੰਕਾਰੀ ਮੰਡਲ, ਸ਼੍ਰੀ ਰਾਮਲੀਲਾ ਕਮੇਟੀ, ਗਰੀਨ ਬਾਰਬਰ ਐਸੋਸੀਏਸ਼ਨ, ਇੰਡੋ-ਸਵੀਫਟ, ਹਿਊਮੈਨੇਟਰੀ ਐਸੋਸੀਏਸ਼ਨ, ਮੇ ਆਈ ਹੈਲਪ ਕਲੱਬ, ਲਾਇਨਜ਼ ਕਲੱਬ, ਸ਼ਿਵ ਕਾਂਵੜ ਸੰਘ, ਭਾਰਤ ਵਿਕਾਸ ਪ੍ਰੀਸ਼ਦ ਅਤੇ ਭਾਰਤ ਵਿਕਾਸ ਪ੍ਰੀਸ਼ਦ ਵਿਵੇਕਾਨੰਦ ਆਦਿ ਸੰਸਥਾਵਾਂ ਦੇ ਮੁੱਖੀਆਂ ਸਮੇਤ ਇੱਕ ਦਰਜਨ ਤੋਂ ਵੱਧ ਖੂਨਦਾਨੀਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਸਨਮਾਨ ਸਮਾਗਮ ਦੌਰਾਨ ਮੁਬਾਰਿਕਪੁਰ ਤੋਂ ਉਘੇ ਸਮਾਜ ਸੇਵੀ ਰਵਿੰਦਰਪਾਲ ਸ਼ਰਮਾ ਨੂੰ 153 ਵਾਰ ਅਤੇ ਭਾਰਤੀ ਜਨਤਾ ਪਾਰਟੀ ਦੇ ਵਾਈਸ ਪ੍ਰਧਾਨ ਰਵਿੰਦਰ ਵੈਸ਼ਨਵ ਨੂੰ 58 ਵਾਰ ਖੂਨ ਦਾਨ ਕਰਨ ਲਈ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਡਾਕਟਰ ਬਰਖਾ ਰਾਮ ਅਤੇ ਸੈਕਟਰੀ ਉਪੇਸ਼ ਬੰਸਲ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਵੱਧ ਤੋਂ ਵੱਧ ਖੂਨ ਦਾਨ ਕਰਨ ਤਾਂ ਜੋ ਲੋੜਵੰਦਾਂ ਦੀ ਸਹਾਇਤਾ ਹੋ ਸਕੇ। ਉਨ੍ਹਾਂ ਦੱਸਿਆ ਕਿ ਖੂਨ ਦੇਣ ਨਾਲ ਸ਼ਰੀਰ ਨੂੰ ਕੋਈ ਨੁਕਸਾਨ ਨਹੀਂ ਬਲਕਿ ਬਹੁਤ ਫਾਇਦਾ ਹੁੰਦਾ ਹੈ। ਦੁਨੀਆ ਵਿੱਚ ਬਹੁਤ ਸਾਰੇ ਲੋਕ ਜੋ ਕਿਸੇ ਨਾ ਕਿਸੇ ਬਿਮਾਰੀ ਤੋਂ ਪੀੜਤ ਹਨ ਖੂਨ ਦੀ ਕਮੀ ਕਾਰਨ ਦਮ ਤੋੜ ਜਾਂਦੇ ਹਨ। ਇਸ ਮੌਕੇ ਉਨ੍ਹਾਂ ਨੇ ਹਾਜ਼ਰ ਖੂਨਦਾਨੀਆਂ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕਰਦਿਆਂ ਉਨ੍ਹਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਭਾਜਪਾ ਮੰਡਲ ਡੇਰਾਬੱਸੀ ਦੇ ਪ੍ਰਧਾਨ ਪਵਨ ਧੀਮਾਨ, ਅਜੇ ਕੁਮਾਰ ਸੈਦਪੁਰਾ ਸਮੇਤ ਹੋਰ ਪਤਵੰਤੇ ਮੌਜੂਦ ਸਨ।



**ਪਿਤਾ ਦਿਵਸ 'ਤੇ ਰਮਨਪ੍ਰੀਤ ਕੌਰ ਤੇ ਅੰਮ੍ਰਿਤਪਾਲ ਸਿੰਘ ਆਪਣੇ ਪਾਪਾ ਕਰਨੈਲ ਸਿੰਘ ਐੱਮ.ਏ. ਪੱਤਰਕਾਰ ਲੁਧਿਆਣਾ ਦਾ ਕੇਕ ਕੱਟ ਕੇ ਮੂੰਹ ਮਿੱਠਾ ਕਰਵਾਉਂਦੇ ਹੋਏ ।**
**( ਫੋਟੋ ਤੇ ਵੇਰਵਾ : ਕਰਨੈਲ ਸਿੰਘ ਐੱਮ.ਏ. ਲੁਧਿਆਣਾ )**

# ਵਿਸ਼ਵ ਖ਼ੂਨਦਾਨ ਦਿਵਸ ਨੂੰ ਸਮਰਪਿਤ ਖ਼ੂਨਦਾਨ ਕੈਂਪ ਦਾ ਆਯੋਜਨ



**ਮਹਿਤਪੁਰ (ਹਰਜਿੰਦਰ ਸਿੰਘ ਚੰਦੀ)** ਵਿਸ਼ਵ ਖ਼ੂਨਦਾਨ ਦਿਵਸ ਮੌਕੇ ਬਲੱਡ ਡੋਨਰਜ ਕਲੱਬ ਮਹਿਤਪੁਰ ਅਤੇ ਅਮਾਨਤ ਸੇਵਾ ਫਾਊਂਡੇਸ਼ਨ ਵਲੋਂ ਕਮਲ ਹਸਪਤਾਲ ਨਕੋਦਰ ਵਿਖੇ ਖ਼ੂਨਦਾਨ ਕੈਂਪ ਲਗਾਇਆ ਗਿਆ। ਕਲੱਬ ਦੇ ਪ੍ਰਧਾਨ ਗੁਰਨਾਮ ਸਿੰਘ ਮਹਿਸਮ ਪੁਰੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਖ਼ੂਨਦਾਨ ਕੈਂਪ ਦੌਰਾਨ ਚਾਲੀ ਖ਼ੂਨਦਾਨੀਆਂ ਨੇ ਖ਼ੂਨਦਾਨ ਕੀਤਾ ਅਤੇ ਲਗਭਗ ਪੰਜਾਹ ਲੋਕਾਂ ਦੇ ਬਲੱਡ ਗਰੁੱਪ ਅਤੇ ਐਚ ਬੀ ਟੈਸਟ ਫਰੀ ਕੀਤੇ ਗਏ। ਇਸ ਮੌਕੇ ਤੇ ਸੰਬੋਧਨ ਕਰਦਿਆਂ ਡਾਕਟਰ ਕੰਵਲਜੀਤ ਸਿੰਘ ਐਮ ਐਸ ਨੇ ਕਿਹਾ ਕਿ ਹਰ ਮਨੁੱਖ ਨੂੰ ਜ਼ਿੰਦਗੀ ਵਿਚ ਖ਼ੂਨ ਦਾਨ ਜ਼ਰੂਰ ਕਰਨਾ ਚਾਹੀਦਾ ਹੈ ਤਾਂ ਜੋ ਲੋੜ ਵੇਲੇ ਖ਼ੂਨ ਦੀ ਘਾਟ ਪੂਰੀ ਕਰਕੇ ਕੀਮਤੀ ਜਾਨਾਂ ਬਚਾਈਆਂ ਜਾ ਸਕਣ। ਇਸ ਮੌਕੇ ਸਾਰੇ ਖ਼ੂਨਦਾਨੀਆਂ ਨੂੰ ਬੂਟੇ ਅਤੇ ਗਿਫ਼ਟ ਦੇ ਕੇ ਸਨਮਾਨਿਤ ਕੀਤਾ ਗਿਆ। ਬਲੱਡ ਡੋਨਰਜ ਕਲੱਬ ਮਹਿਤਪੁਰ ਅਤੇ ਅਮਾਨਤ ਸੇਵਾ ਫਾਊਂਡੇਸ਼ਨ ਵਲੋਂ ਕੈਂਪ ਦਾ ਆਯੋਜਨ ਯਾਦਗਾਰੀ ਹੋ ਨਿੱਬੜਿਆ । ਖ਼ੂਨਦਾਨ ਕੈਂਪ ਨੂੰ ਸਫਲਤਾ ਪੂਰਵਕ ਨੇਪਰੇ ਚਾੜ੍ਹਨ ਲਈ ਸੁਰਿੰਦਰਪਾਲ ਸਿੰਘ ਨਕੋਦਰ, ਪਰਮਜੀਤ ਸਿੰਘ ਭੋਡੀਪੁਰ, ਅਮਨ ਬੱਲੀ ਪ੍ਰਿਟਿੰਗ ਪ੍ਰੈਸ, ਹਰਜਿੰਦਰ ਸਿੰਘ ਸਰਪੰਚ, ਬਲਦੇਵ ਸਿੰਘ ਸੀ ਏ ਓ ,ਵਿਜੇ ਕੁਮਾਰ ਮਡਾਸ, ਅਰਸ਼ਦੀਪ ਸਿੰਘ ਲਵ , ਸੁਰਿੰਦਰ ਪਾਲ ਚੁੰਬਰ , ਸੁਰਜੀਤ ਸਿੰਘ ਡੱਲਾ, ਬਲਵੀਰ ਸਿੰਘ ਸ਼ਾਹ, ਮਨਦੀਪ ਸਿੰਘ ਡਾਇਲਸਿਸ ਵਿਭਾਗ ਆਦਿ ਮੈਂਬਰਾਂ ਵਿਸ਼ੇਸ਼ ਯੋਗਦਾਨ ਅਤੇ ਅਜ਼ਾਦ ਪ੍ਰੈਸ ਕਲੱਬ ਮਹਿਤਪੁਰ ਦਾ ਮੀਡੀਆ ਸਹਿਯੋਗ ਰਿਹਾ ।

# ਪਿੰਡਾਂ 'ਚ ਮੋਟਰਸਾਈਕਲ 'ਤੇ ਸਬਜ਼ੀ ਵੇਚਣ ਵਾਲੇ ਵਿਅਕਤੀ ਤੋਂ ਅਣਪਛਾਤੇ ਲੁਟੇਰੇ ਦਾਤਰ ਦੀ ਨੋਕ 'ਤੇ 10 ਹਜ਼ਾਰ ਰੁਪਏ ਦੀ ਨਕਦੀ ਤੇ ਮੋਬਾਈਲ ਫੋਨ ਲੁੱਟ ਕੇ ਫ਼ਰਾਰ

**ਫਿਲੌਰ/ਅੱਪਰਾ (ਦੀਪਾ)**-ਬੀਤੀ ਸ਼ਾਮ ਤਿੰਨ ਅਣਪਛਾਤੇ ਲੁਟੇਰੇ ਦਾਤਰ ਦੀ ਨੋਕ 'ਤੇ ਪਿੰਡਾਂ 'ਚ ਮੋਟਰਸਾਈਕਲ 'ਤੇ ਸਬਜ਼ੀ ਵੇਚਣ ਵਾਲੇ ਇੱਕ ਵਿਅਕਤੀ ਤੋਂ 10 ਹਜ਼ਾਰ ਰੁਪਏ ਦੀ ਨਕਦੀ ਤੇ ਇੱਕ ਮੋਬਾਈਲ ਫੋਨ ਲੁੱਟ ਕੇ ਫ਼ਰਾਰ ਹੋ ਗਏ । ਘਟਨਾ ਦੇ ਸੰਬੰਧ 'ਚ ਜਾਣਕਾਰੀ ਦਿੰਦਿਆ ਪੀੜਤ ਸ਼ਿਵ ਨਰੈਣ ਵਾਸੀ ਦਿਆਲ ਪੁਰ ਥਾਣਾ ਫਿਲੌਰ ਨੇ ਦੱਸਿਆ ਕਿ ਮੈ ਆਪਣੇ ਮੋਟਰਸਾਈਕਲ ਤੇ ਸਬਜੀ ਵੇਚ ਕੇ ਅੱਪਰਾ ਤੋਂ ਸੁਲਤਾਨਪੁਰ ਤੋ ਹੁੰਦਾ,ਹੋਇਆ ਆਪਣੇ ਪਿੰਡ ਦਿਆਲ ਪੁਰ ਨੂੰ ਜਾ ਰਿਹਾ,ਸੀ ਤੇ ਜਦੋ ਮੈਂ ਸੁਲਤਾਨਪੁਰ ਕੋਲ ਪੁੱਜਾ ਤਾਂ ਪਿਛਿਓ



ਇਕ ਮੋਟਰਸਾਈਕਲ ਤੇ ਤਿੰਨ ਨੌਜਵਾਨ ਆਏ ਉਹਨਾਂ ਨੇ ਮੂੰਹ ਲਪੇਟੇ ਸਨ ਤੇ ਮੈਨੂੰ ਦਾਤਰ ਦਿਖਾਕੇ ਕਹਿੰਦੇ ਦੇ ਦੇ ਜੋ ਤੇਰੇ ਕੋਲ ਹੈ ਤਾਂ ਮੈਂ ਨਾਂ ਕੀਤੀ ਤਾਂ ਉਨਾ ਦਾਤਰ ਹਵਾ ਚ ਲਹਿਰਾਇਆ ਤੇ ਮੇਰੀ ਜੇਬ ਵਿੱਚੋ ਦਸ ਹਜਾਰ ਰੁਪਏ ਨਗਦ ਤੇ ਮਹਿੰਗੇ ਭਾਅ ਦਾ ਮੋਬਾਈਲ ਖੋਹ ਕੇ ਫਰਾਰ ਹੋ ਗਏ ਤੇ ਮੈ ਗਰੀਬ ਬੰਦਾ ਸਬਜੀ ਵੇਚ ਕੇ ਘਰ ਦਾ ਗੁਜਾਰਾ ਕਰ ਰਿਹਾ,ਹਾਂ ਇਸ ਦੀ ਰਿਪੋਰਟ ਅੱਪਰਾ ਪੁਲਸ ਚੌਕੀ ਵਿਚ ਦਰਜ ਕਰਵਾ ਦਿਤੀ ਹੈ ਉਨਾ ਪੁਲਸ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਇਲਾਕੇ ਦੀਆ ਲਿੰਕ ਸੜਕਾਂ ਤੇ ਪੁਲਸ ਦੀ ਗਸ਼ਤ ਵਧਾਈ ਜਾਵੇ ਤਾਂ ਜੋ ਹਰ.ਰੋਜ ਹੋ ਰਹੀਆਂ ਲੁੱਟ ਖੋਹ ਦੀਆ ਘਟਨਾਵਾਂ ਤੋਂ ਬਚਿਆ ਜਾ,ਸਕੇ ਤੇ ਜੋ ਲੁੱਟ ਖੋਹ ਕਰਦੇ ਹਨ ਉਨਾਂ ਨੂੰ ਫੜਕੇ ਸਖਤ ਕਾਰਵਾਈ ਕੀਤੀ ਜਾਵੇ।

# 'ਸਰੱਬਤ ਦਾ ਭਲਾ' ਟਰੱਸਟ ਨੇ ਲੋੜਵੰਦਾਂ ਨੂੰ ਮਹੀਨਾਵਾਰ ਆਰਥਿਕ ਸਹਾਇਤਾ ਹਿੱਤ ਚੈੱਕ ਦਿੱਤੇ

**ਰੋਪੜ (ਰੋਮੀ ਘੜਾਮਾਂ):** ਡਾ. ਐਸ.ਪੀ. ਸਿੰਘ ਓਬਰਾਏ ਦੀ ਰਹਿਨੁਮਾਈ ਵਿੱਚ ਆਪਣੀਆਂ ਲੋਕ-ਪੱਖੀ ਸੇਵਾਵਾਂ ਲਈ ਪ੍ਰਸਿੱਧ ਸੰਸਥਾ 'ਸਰਬੱਤ ਦਾ ਭਲਾ' ਚੈਰੀਟੇਬਲ ਟਰੱਸਟ ਆਪਣੇ ਨਾਮ ਦੀ ਤਰਜ 'ਤੇ ਨਿਰੰਤਰ ਕਾਰਜਸ਼ੀਲ ਹੈ। ਇਸੇ ਲੜੀ ਤਹਿਤ ਟਰੱਸਟ ਦੀ ਇਕਾਈ ਰੋਪੜ ਵੱਲੋਂ ਜਿਲ੍ਹਾ ਪ੍ਰਧਾਨ ਜੇ.ਕੇ. ਜੱਗੀ ਦੀ ਅਗਵਾਈ ਹੇਠ ਹਰ ਮਹੀਨੇ ਦੀ ਤਰ੍ਹਾਂ ਇਸ ਵਾਰ ਵੀ ਗੁਰੂਦੁਆਰਾ ਸਿੰਘ ਸਭਾ, ਬੇਲਾ ਚੌਂਕ ਵਿਖੇ 282 ਲੋੜਵੰਦ ਪਰਿਵਾਰਾਂ ਨੂੰ ਆਰਥਿਕ ਸਹਾਇਤਾ ਹਿੱਤ ਚੈੱਕ ਵੰਡੇ ਗਏ। ਜਿੰਨ੍ਹਾ ਵਿੱਚ ਟਰੱਸਟ ਵੱਲੋਂ ਗਰੀਬੀ ਰੇਖਾ ਤੋਂ ਹੇਠ ਪਰਿਵਾਰਾਂ, ਵਿਧਵਾਵਾਂ, ਅੰਗਹੀਣਾਂ ਅਤੇ ਬਿਮਾਰਾਂ ਨੂੰ ਪੂਰੀ ਜਾਂਚ-ਪੜਤਾਲ ਨਾ.ਲ ਸ਼ਾਮਲ ਕੀਤਾ ਹੋਇਆ ਹੈ। ਇਸ ਮੌਕੇ ਮਨਮੋਹਨ ਕਾਲੀਆ, ਅਸ਼ਵਨੀ ਖੰਨਾ, ਮਦਨ ਗੁਪਤਾ, ਸੁਖਦੇਵ ਸ਼ਰਮਾ, ਜਗਜੀਤ ਸਿੰਘ ਜੀਤੀ, ਰਾਜੀਵ ਸਹਿਗਲ, ਧਰਮਵੀਰ ਅਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ। ਜਿਕਰਯੋਗ ਹੈ ਕਿ ਟਰੱਸਟ ਵੱਲੋਂ ਇਸ ਤੋਂ ਇਲਾਵਾ ਲੋੜਵੰਦਾਂ ਲਈ ਮਕਾਨ ਉਸਾਰਨ, ਮੁਫ਼ਤ ਮੈਡੀਕਲ ਸਹਾਇਤਾ, ਸਿਲਾਈ-ਕਢਾਈ ਸੈਂਟਰ ਆਦਿ ਜਿਹੀਆਂ ਸੇਵਾਵਾਂ ਵੀ ਲਗਾਤਾਰ ਜਾਰੀ ਹਨ।





# ਇਸ਼ਮੀਤ ਸਿੰਘ ਮਿਊਜ਼ਿਕ ਇੰਸਟੀਚਿਊਟ ਵਿਖੇ ਵੋਟਰ ਜਾਗਰੂਕਤਾ ਪ੍ਰੋਗਰਾਮ ਨੂੰ ਸਮਰਪਿਤ 'ਪਿਤਾ ਦਿਵਸ' ਮਨਾਇਆ

**ਲੁਧਿਆਣਾ ( ਕਰਨੈਲ ਸਿੰਘ ਐੱਮ.ਏ.)** ਇਸ਼ਮੀਤ ਸਿੰਘ ਮਿਊਜ਼ਿਕ ਇੰਸਟੀਚਿਊਟ ਵਿਖੇ ਵੋਟਰ ਜਾਗਰੂਕਤਾ ਪ੍ਰੋਗਰਾਮ ਨੂੰ ਸਮਰਪਿਤ ਇੱਕ ਸੰਗੀਤਕ ਪ੍ਰੋਗਰਾਮ ਰਾਹੀਂ 'ਪਿਤਾ ਦਿਵਸ' ਮਨਾਇਆ। ਪ੍ਰੋਗਰਾਮ ਵਿੱਚ ਸੰਸਥਾ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੁਆਰਾ ਗਾਇਨ, ਵਜਾਉਣਾ ਅਤੇ ਨ੍ਰਿਤ ਪੇਸ਼ਕਾਰੀਆਂ ਪੇਸ਼ ਕੀਤੀਆਂ ਗਈਆਂ। ਜਿੱਥੇ ਵਿਦਿਆਰਥੀਆਂ ਦੇ ਪ੍ਰਦਰਸ਼ਨਾਂ ਨੇ ਪਿਤਾ ਪ੍ਰਤੀ ਭਾਵਨਾਵਾਂ ਨੂੰ ਉਜਾਗਰ ਕੀਤਾ, ਉੱਥੇ ਚੋਣ ਪ੍ਰਕਿਰਿਆ ਬਾਰੇ ਜਾਗਰੂਕਤਾ ਨੂੰ ਸਮਰਪਿਤ ਪ੍ਰਭਾਵਸ਼ਾਲੀ ਪ੍ਰਦਰਸ਼ਨ ਵੀ ਦਿੱਤੇ ਗਏ।

ਪ੍ਰੋਗਰਾਮ ਦੀ ਸ਼ੁਰੂਆਤ ਵਿੱਚ, ਇਸ਼ਮੀਤ ਸਿੰਘ ਸੰਗੀਤ ਸੰਸਥਾ ਦੇ ਡਾਇਰੈਕਟਰ ਡਾ: ਚਰਨ ਕਮਲ ਸਿੰਘ ਅਤੇ ਹੋਰ ਪਤਵੰਤਿਆਂ ਨੇ ਸਾਰਿਆਂ ਦਾ ਸਵਾਗਤ ਕੀਤਾ ਅਤੇ ਸਮਾਜ ਦੀ ਇਕਾਈ, ਭਾਵ ਪਰਿਵਾਰ ਵਿੱਚ ਪਿਤਾ ਦੀ ਜ਼ਿੰਮੇਵਾਰੀ ਅਤੇ ਕਦਰਾਂ-ਕੀਮਤਾਂ ਦੀ ਮਹੱਤਤਾ ਨੂੰ ਰੇਖਾਂਕਿਤ ਕੀਤਾ।

ਉਨ੍ਹਾਂ ਕਿਹਾ ਕਿ ਸੰਸਥਾ ਵਿੱਚ ਸੰਗੀਤ ਸਿੱਖਿਆ ਦੇ ਨਾਲ-ਨਾਲ, ਵਿਦਿਆਰਥੀਆਂ ਨੂੰ ਪਰਿਵਾਰਕ ਕਦਰਾਂ-ਕੀਮਤਾਂ ਬਾਰੇ ਵੀ ਜਾਗਰੂਕ ਕੀਤਾ ਜਾਂਦਾ ਹੈ, ਤਾਂ ਜੋ ਭਵਿੱਖ ਦੇ ਗਾਇਕ ਅਤੇ ਸੰਗੀਤਕਾਰ ਸਮਾਜ ਵਿੱਚ ਰਚਨ-ਾਤਮਕ ਯੋਗਦਾਨ ਪਾ ਸਕਣ।;ਸ਼੍ਰੀ ਅਸ਼ੋਕ ਕੁਮਾਰ ਇੰਡਾਨਾ (ਆਈ.ਆਰ.ਐਸ.) ਨੇ ਮੁੱਖ ਮਹਿਮਾਨ ਅਤੇ ਨਿਰੀਖਕ ਵਜੋਂ ਸਮਾਗਮ ਵਿੱਚ ਸ਼ਿਰਕਤ ਕੀਤੀ।



ਉਨ੍ਹਾਂ ਨੇ ਸਾਰਿਆਂ ਨੂੰ ਚੋਣਾਂ ਵਿੱਚ ਉਤਸ਼ਾਹ ਨਾਲ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।

ਇਸ ਮੌਕੇ 'ਤੇ ਇਸ਼ਮੀਤ ਸਿੰਘ ਮਿਊਜ਼ਿਕ ਇੰਸਟੀਚਿਊਟ ਵੱਲੋਂ ਚੋਣਾਂ ਦੇ ਸੰਬੰਧ ਵਿੱਚ ਤਿਆਰ ਕੀਤਾ ਗਿਆ ਇੱਕ ਵਿਸ਼ੇਸ਼ ਗੀਤ "ਵੋਟ ਕਾ ਅਧਿਕਾਰ" ਸ਼੍ਰੀ ਅਸ਼ੋਕ ਕੁਮਾਰ ਇੰਡਾਨਾ ਅਤੇ ਸ਼੍ਰੀ ਹਿਮਾਂਸ਼ੂ ਜੈਨ, ਡਿਪਟੀ ਕਮਿਸ਼ਨਰ, ਲੁਧਿਆਣਾ ਦੁਆਰਾ ਰਿਲੀਜ਼ ਕੀਤਾ ਗਿਆ।

ਸ਼੍ਰੀ ਹਿਮਾਂਸ਼ੂ ਜੈਨ ਨੇ ਕਿਹਾ ਕਿ ਪਿਤਾ ਹੋਣਾ ਪਰਿਵਾਰ ਦੇ ਹਰ ਮੈਂਬਰ ਲਈ ਠੰਢੀ ਛਾਂ ਵਾਂਗ ਹੁੰਦਾ ਹੈ। ਉਨ੍ਹਾਂ ਨੇ ਇਸ਼ਮੀਤ ਸਿੰਘ ਮਿਊਜ਼ਿਕ ਇੰਸਟੀਚਿਊਟ ਦੀ ਸ਼ਲਾਘਾ ਕੀਤੀ ਕਿ ਉਹ ਅਜਿਹੇ ਪ੍ਰੋਗਰਾਮਾਂ ਦਾ ਆਯੋਜਨ ਸੁੰਦਰ ਢੰਗ ਨਾਲ ਦੇਖਭਾਲ ਕਰਨ ਅਤੇ ਸੰਗੀਤ ਰਾਹੀਂ ਵਿਦਿਆਰਥੀਆਂ ਵਿੱਚ ਪਰਿਵਾਰਕ ਕਦਰਾਂ-ਕੀਮਤਾਂ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ ਕਰਦੇ ਹਨ।ਸ਼੍ਰੀ ਰੋਹਿਤ ਗੁਪਤਾ (ਆਈ.ਏ.ਐਸ.), ਵਧੀਕ ਡਿਪਟੀ ਕਮਿਸ਼ਨਰ, ਲੁਧਿਆਣਾ; ਸ਼੍ਰੀ ਅਮਰਜੀਤ ਸਿੰਘ ਬੈਂਸ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਲੁਧਿਆਣਾ, ਇਸ ਮੌਕੇ ਸ਼੍ਰੀ ਕੁਲਪ੍ਰੀਤ ਸਿੰਘ ਵਧੀਕ ਡਿਪਟੀ ਕਮਿਸ਼ਨਰ ਜਗਰਾ ਡਾ: ਨਿਰੂਪਮਾ ਵੇਨੀਗਲਾ ਅਤੇ ਸ਼੍ਰੀ ਗੁਰਪਿੰਦਰ ਸਿੰਘ (ਇਸ਼ਮੀਤ ਸਿੰਘ ਦੇ ਪਿਤਾ) ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ ਙ

ਇਸ ਪ੍ਰੋਗਰਾਮ ਵਿੱਚ ਭਾਵਨਾ, ਆਰਾਧਿਆ, ਸਿਮਰਨ ਕੌਰ, ਅਨਹਦ ਕੌਰ, ਦਸ਼ਮੀਤ ਕੌਰ, ਸਮੀਕਸ਼ਾ, ਵਿਜੇ ਸੂਦ ਅਤੇ ਹਰਸ਼ੀਨ ਕੌਰ ਨੇ ਸੁਰੀਲੇ ਸੰਗੀਤ ਰਾਹੀਂ ਪਿਤਾ ਦੇ ਪਿਆਰ ਨੂੰ ਦਰਸਾਇਆ। ਵਿਦਿਆਰਥੀਆਂ ਨੇ ਕਥਕ, ਭੰਗੜਾ ਅਤੇ ਬਾਲੀਵੁੱਡ ਡਾਂਸ ਪੇਸ਼ ਕਰਕੇ ਦਰਸ਼ਕਾਂ ਨੂੰ ਮੰਤਰਮੁਗਧ ਕੀਤਾ। ਕਿਆਂਸ਼, ਦਵੇਸ਼ੀ ਅਤੇ ਅਰਵੀ ਨੇ ਕੀਬੋਰਡ ਰਾਹੀਂ ਦਰਸ਼ਕਾਂ ਨੂੰ ਪ੍ਰਭਾਵਿਤ ਕੀਤਾ।ਸ਼੍ਰੀਮਤੀ ਪੂਜਾ (ਡੀਨ, ਇਸ਼ਮੀਤ ਸਿੰਘ ਮਿਊਜ਼ਿਕ ਇੰਸਟੀਚਿਊਟ) ਅਤੇ ਡਾਂਸ ਟੀਚਰ ਸ਼ੀਤਲ ਸ਼ਰਮਾ ਨੇ ਸਟੇਜ ਪ੍ਰਬੰਧਨ ਬਹੁਤ ਵਧੀਆ ਢੰਗ ਨਾਲ ਕੀਤਾ। ਇਸ਼ਮੀਤ ਸਿੰਘ ਮਿਊਜ਼ਿਕ ਇੰਸਟੀਚਿਊਟ ਦਾ ਇਹ ਵਿਸ਼ੇਸ਼ ਸਮਾਗਮ ਸਰੋਤਿਆਂ ਦੇ ਦਿਲਾਂ ਵਿੱਚ ਇੱਕ ਯਾਦਗਾਰੀ ਸਮਾਗਮ ਬਣਿਆ ਰਿਹਾ।

# ਪੁਰਤਗਾਲ ਵਿਖੇ ਬਾਬਾ ਸਾਹਿਬ ਡਾ. ਭੀਮ ਰਾਓ ਜੀ ਦਾ ਜਨਮ ਦਿਹਾੜਾ ਪੂਰਨ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ

## ਗੁਰਪਤਵੰਤ ਸਿੰਘ ਪੰਨੂੰ ਆਪਣੀਆਂ ਹਰਕਤਾਂ ਤੋਂ ਬਾਜ ਆਵੇ ਜਾਂ ਫਿਰ ਪੰਜਾਬ 'ਚ ਆਕੇ ਇਹ ਸੱਭ ਕਰੇ ਤਾਂ ਪਤਾ ਲੱਗ ਜਾਵੇਗਾ ਕਿਸ 'ਚ ਕਿੰਨਾ ਦਮ ਹੈ

**ਫਿਲੌਰ/ਅੱਪਰਾ (ਦੀਪਾ)- ਸ੍ਰੀ** ਗੁਰੂ ਰਵਿਦਾਸ ਟਾਈਗਰ ਫੋਰਸ (ਯੂਰੋਪ) ਵਲੋਂ ਭਾਰਤੀ ਸੰਵਿਧਾਨ ਦੇ ਜਨਮਦਾਤਾ ਭਾਰਤ ਰਤਨ ਡਾ. ਭੀਮ ਰਾਓ ਅੰਬੇਡਕਰ ਜੀ ਦਾ ਜਨਮ ਦਿਹਾੜਾ ਪੁਤਗਾਲ ਦੇ ਸ਼ਹਿਰ ਵਰਿੰਦਵਾ ਵਿਖੇ ਪੂਰਨ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ 'ਤੇ ਵਿਸ਼ੇਸ਼ ਤੌਰ 'ਤੇ ਪ੍ਰਧਾਨ ਸ੍ਰੀ ਅਵਤਾਰ ਹੀਰ, ਰਾਜ ਵਿਆਨਾ ਚੈਅਰਮੈਨ, ਮੀਤ ਪ੍ਰਧਾਨ ਸੰਜੀਵ ਕੁਮਾਰ ਬੰਗੜ, ਕੈਸ਼ੀਅਰ ਯਸ਼ਪਾਲ ਮੱਲ, ਮਨਦੀਪ ਕੁਮਾਰ ਰਿੰਕੂ, ਗੁਰਜੀਤ ਕੁਮਾਰ ਰਿੰਮੀ, ਦਿਨੇਸ਼ ਹੀਰ, ਓਾਕਾਰ ਹੀਰ, ਨੀਰਜ ਫਿਲੌਰ, ਅਮਨ ਵਡਾਲਾ, ਗਗਨ, ਸੇਠੀ, ਕਲਸੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਇਸ ਮੌਕੇ ਇੰਡੀਆ ਤੋਂ ਪ੍ਰਸਿੱਧ ਗਾਇਕ ਵਿਜੈ ਹੰਜ ਹਾਜ਼ਰ ਹੋਏ। ਇਸ ਮੌਕੇ ਉਨਾਂ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਤੇ ਸ੍ਰੀ ਗੁਰੂ ਰਵਿਦ-ਾਸ ਮਹਾਰਾਜ ਜੀ ਦੀ ਮਹਿਮਾ ਦਾ ਗੁਣਗਾਣ ਕੀਤਾ ਤੇ ਉਨਾਂ ਦੇ ਜੀਵਨ, ਸੋਚ ਤੇ ਮਿਸ਼ਨ ਬਾਰੇ ਭਰਪੂਰ ਜਾਣਕਾਰੀ ਦਿੱਤੀ। ਇਸ





ਮੌਕੇ ਬੋਲਦਿਆਂ ਪ੍ਰਧਾਨ ਸ੍ਰੀ ਅਵਤਾਰ ਹੀਰ ਨੇ ਕਿਹਾ ਕਿ ਬਾਬਾ ਸਾਹਿਬ ਜੀ ਦੇ ਸਟੈਚੂ ਦੀ ਬੇਅਦਬੀ ਕਰਨਾ ਕਿਤੇ ਨਾ ਕਿਤੇ ਦਰਸਾਉਂਦਾ ਹੈ ਕਿ ਅਜਿਹੇ ਵਿਅਕਤੀ ਆਪਣੀ ਜਿੰਦਗੀ ਦੀ ਜੰਗ ਹਾਰ ਚੁੱਕੇ ਹਨ ਤੇ ਨਿਰਾਸ਼ਾ 'ਚ ਜਾ ਕੇ ਅਜਿਹੀਆਂ ਕੋਝੀਆਂ ਹਰਕਤਾਂ ਕਰ ਰਹੇ ਹਨ। ਜੋ ਲੋਕ ਵਿਦੇਸ਼ਾਂ 'ਚ ਬੈਠ ਕੇ ਬਾਬਾ ਸਾਹਿਬ ਜੀ ਦੀ ਪ੍ਰਤਿਮਾ ਦੀ ਬੇਅਦਬੀ ਕਰ ਰਹੇ ਹਨ, ਉਨਾਂ ਨੂੰ ਇਸ ਦਾ ਅੰਜਾਮ ਭੁਗਤਣਾ ਪਵੇਗਾ। ਉਨਾਂ ਗੁਰਪੰਤਵੰਤ ਸਿੰਘ ਪੰਨੂੰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਉਹ ਅਜਿਹੀਆਂ ਹਰਕਤਾਂ ਤੋਂ ਬਾਜ਼ ਆ ਜਾਵੇ ਜਾਂ ਫਿਰ ਪੰਜਾਬ ਆ ਕੇ ਇਹ ਸੱਭ ਕਰੇ ਤਾਂ ਤੈਨੂੰ ਪਤਾ ਲੱਗ ਜਾਵੇਗਾ ਕਿ ਕਿਸ 'ਚ ਕਿੰਨਾ ਦਮ ਹੈ? ਇਸ ਮੌਕੇ ਪ੍ਰਬੰਧਕਾਂ ਵਲੋਂ ਗਾਇਕ ਵਿਜੈ ਹੰਸ ਨੂੰ ਸਨਮਾਨਿਤ ਵੀ ਕੀਤਾ ਗਿਆ। ਸਮਾਗਮ ਦੌਰਾਨ ਚਾਹ ਪਕੌੜੇ, ਜੂਸ, ਕੋਲਡ ਡਰਿੰਕਸ ਤੇ ਮਠਿਆਈ ਤੇ ਲੰਗਰ ਵੀ ਵਰਤਾਏ ਗਏ।

# ਦੁਸਾਂਝ ਕਲਾਂ ਪੁਲਿਸ ਨੇ ਇੱਕ ਨਸ਼ਾ ਤਸਕਰ ਨੂੰ 30 ਨਸ਼ੀਲੀਆਂ ਗੋਲੀਆਂ ਸਮੇਤ ਕੀਤਾ ਗ੍ਰਿਫਤਾਰ

**ਫਿਲੌਰ/ਅੱਪਰਾ (ਦੀਪਾ)-** ਦੁਸਾਂਝ ਕਲਾਂ ਪੁਲਿਸ ਨੇ ਇੱਕ ਨਸ਼ਾ ਤਸਕਰ ਨੂੰ 30 ਨਸ਼ੀਲੀਆਂ ਗੋਲੀਆਂ ਸਮੇਤ ਕਾਬੂ ਕਰਨ 'ਚ ਸਫਲਤਾ ਪ੍ਰਾਪਤ ਕੀਤੀ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਇੰਸਪੈਕਟਰ ਸਿਕੰਦਰ ਸਿੰਘ ਵਿਰਕ ਐੱਸ. ਐੱਚ. ਓ ਥਾਣਾ ਗੋਰਾਇਆ ਨੇ ਦੱਸਿਆ ਕਿ ਏ. ਐਸ. ਆਈ ਸੁਖਵਿੰਦਰ ਪਾਲ ਸਿੰਘ ਸੋਢੀ ਚੌਂਕੀ ਇੰਚਾਰਜ ਦੁਸਾਂਝ ਕਲਾ ਦੀ




ਟੀਮ ਨੇ ਦੌਰਾਨੇ ਗਸ਼ਤ ਬੜਾ ਪਿੰਡ ਤੋਂ ਵਿਕਾਸ ਕੁਮਾਰ ਉਰਫ ਬੱਬੀ ਪੁੱਤਰ ਨਰੇਸ਼ ਕੁਮਾਰ ਵਾਸੀ ਮੁਹੱਲਾ ਭੂਤਾਂ ਦਾ ਪੱਤੀ ਜੱਸੇ ਕੀ ਬੜਾ ਪਿੰਡ ਥਾਣਾ ਗੋਰਾਇਆ ਨੂੰ ਕਾਬੂ ਕਰਕੇ ਉਸ ਪਾਸੋਂ 30 ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ। ਕਥਿਤ ਦੋਸ਼ੀ ਦੇ ਖਿਲਾਫ਼ ਥਾਣਾ ਗੋਰਾਇਆ ਵਿਖੇ ਐੱਨ. ਡੀ. ਪੀ ਐੱਸ ਐਕਟ ਦੀ ਧਾਰਾ 22 (ਬੀ)-61-85 ਦੇ ਤਹਿਤ ਮੁਕੱਦਮਾ ਨੰਬਰ 111 ਦਰਜ ਕਰਕੇ ਮਾਣਯੋਗ ਅਦਾਲ ਫਿਲੌਰ ਪੇਸ਼ ਕਰਕੇ ਰਿਮਾਂਡ ਹਾਸਲ ਕੀਤਾ ਜਾ ਰਿਹਾ ਹੈ। ਇੰਸਪੈਕਟਰ ਵਿਰਕ ਨੇ ਅੱਗੇ ਦੱਸਿਆ ਕਿ ਕਥਿਤ ਦੋਸ਼ੀ ਤੋਂ ਪੁਛਗਿੱਛ ਕੀਤੀ ਜਾਵੇਗੀ ਕਿ ਉਹ ਨਸ਼ੀਲੀਆਂ ਗੋਲੀਆਂ ਕਿਸ ਪਾਸੋਂ ਲੈ ਕੇ ਆਉਂਦਾ ਸੀ ਤੇ ਅੱਗੇ ਕਿਸ ਨੂੰ ਵੇਚਦਾ ਸੀ। ਉਸਦੇ ਹੋਰ ਨਸ਼ਾ ਤਸਕਰਾਂ ਨਾਲ ਲਿੰਕ ਹੋਣ ਦੀ ਵੀ ਤਫ਼ਤੀਸ਼ ਕੀਤੀ ਜਾ ਰਹੀ ਹੈ।

# ਤੀਰਥ ਸਿੰਘ ਰਾਜਪੁਰਾ ਬਹੁਜਨ ਸਮਾਜ ਪਾਰਟੀ ਪੰਜਾਬ ਦੇ ਸਟੇਟ ਕੋਆਰਡੀਨੇਟਰ ਨਿਯੁਕਤ

## ਰਾਜਪੁਰਾ ਨੇ ਸਮੂਹ ਬਸਪਾ ਹਾਈਕਮਾਂਡ ਦਾ ਕੀਤਾ ਧੰਨਵਾਦ

**ਫਿਲੌਰ/ਅੱਪਰਾ (ਦੀਪਾ)-** ਬਹੁਜਨ ਸਮਾਜ ਪਾਰਟੀ ਪੰਜਾਬ ਤੇ ਇੰਡੀਆ ਦੀ ਸਮੂਹ ਹਾਈਕਮਾਂਡ ਵਲੋਂ ਦੁਆਬਾ ਤੇ ਅੱਪਰਾ ਇਲਾਕੇ ਨੇ ਨਿਧੜਕ, ਇਮਾਨਦਾਰ ਤੇ ਨਿਰਪੱਖ ਆਗੂ ਸ੍ਰੀ ਤੀਰਥ ਸਿੰਘ ਰਾਜਪੁਰਾ ਨੂੰ ਬਹੁਜਨ ਸਮਾਜ ਪਾਰਟੀ ਪੰਜਾਬ ਦਾ ਸਟੇਟ ਕੋਆਰਡੀਨੇਟਰ ਨਿਯੁਕਤ ਕੀਤਾ ਗਿਆ ਹੈ। ਇਸ ਮੌਕੇ ਤੀਰਥ ਰਾਜਪੁਰਾ ਨੇ ਸਮੂਹ ਹਾਈਕਮਾਂਡ ਭੈਣ ਕੁਮਾਰੀ ਮਾਇਆਵਤੀ ਕੌਮੀ ਪ੍ਰਧਾਨ ਬਹੁਜਨ ਸਮਾਜ ਪਾਰਟੀ ਤੇ ਸਾਬਕਾ ਮੁੱਖ ਮੰਤਰੀ (ਯੂ.ਪੀ), ਸ੍ਰੀ ਆਕਾਸ਼ ਆਨੰਦ ਜੀ ਮੁੱਖ ਨੈਸ਼ਨਲ ਕੋਆਰਡੀਨੇਟਰ, ਸ੍ਰੀ ਰਣਧੀਰ ਸਿੰਘ ਬੈਨੀਪਾਲ ਜੀ ਨੈਸ਼ਨਲ ਕੋਆਰਡੀਨੇਟਰ, ਸ੍ਰੀ ਬਿਪਲ ਕੁਮਾਰ ਜੀ ਸੈਂਟਰਲ ਪੰਜਾਬ ਕੋਆਰਡੀਨੇਟਰ, ਡਾ. ਅਵਤਾਰ ਸਿੰਘ ਕਰੀਮਪੁਰੀ ਪ੍ਰਧਾਨ ਬਸਪਾ ਪੰਜਾਬ ਤੇ ਇੰਚਾਰਜ ਚੰਡੀਗੜ੍ਹ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕਰਦਿਆਂ ਕਿਹਾ ਕਿ ਉਹ ਆਪਣੀ ਜਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ। ਇੱਥੇ ਇਹ ਗੌਰ ਕਰਨਯੋਗ ਹੈ ਕਿ ਸ੍ਰੀ ਤੀਰਥ ਰਾਜਪੁਰਾ ਇੱਕ ਮਿਸ਼ਨਰੀ ਆਗੂ ਹਨ, ਜੋ ਕਿ ਆਪਣੇ ਨਿਧੜਕ ਤੇ ਨਿਰਪੱਖ ਫੈਸਲਿਆਂ ਤੇ ਪਾਰਟੀ ਪ੍ਰਤੀ ਉਨਾਂ ਦੇ ਕੰਮ ਲਈ ਜਾਣੇ ਜਾਂਦੇ ਹਨ। ਇਸ ਮੌਕੇ ਬੋਲਦਿਆਂ ਸ੍ਰੀ ਰਾਜਪੁਰਾ ਨੇ ਕਿਹਾ ਕਿ ਇਹ ਨਵੀਂ ਜਿੰਮੇਵਾਰੀ ਮੈਨੂੰ ਪਾਰਟੀ ਪ੍ਰਤੀ ਹੋਰ ਵੀ ਜ਼ਜਬੇ ਤੇ ਸੰਜੀਦਗੀ ਨਾਲ ਕੰਮ ਕਰਨ ਲਈ ਪ੍ਰੇਰਿਤ ਕਰੇਗੀ ਤੇ ਮੈਂ ਪਾਰਟੀ ਦੀਆਂ ਨੀਤੀਆਂ ਨੂੰ ਘਰ ਘਰ ਪਹੁੰਚਾਉਣ ਲਈ ਪਾਬੰਦ ਹਾਂ।



ਉਨਾਂ ਕਿਹਾ ਕਿ ਦੂਸਰੀਆਂ ਪਾਰਟੀਆਂ ਦੀਆਂ ਰਾਜਵਾੜਸ਼ਾਹੀ ਨੀਤੀਆਂ ਦੇ ਕਾਰਣ ਆਮ ਲੋਕਾਂ ਦੇ ਘਰ ਉਜੜ ਰਹੇ ਹਨ, ਇਸ ਲਈ ਹੀ ਉਹ ਵਿਦੇਸ਼ਾਂ ਨੂੰ ਪ੍ਰਵਾਸ ਕਰ ਰਹੇ ਹਨ, ਕਿਉਂਕਿ ਉਨਾਂ ਨੂੰ ਭਾਰਤ ਤੇ ਪੰਜਾਬ 'ਚ ਆਪਣਾ ਭਵਿੱਖ ਨਜ਼ਰ ਨਹੀਂ ਆਉਂਦਾ। ਇਸ ਮੌਕੇ ਉਨਾਂ ਸਮੂਹ ਪੰਜਾਬ ਵਾਸੀਆਂ ਨੂੰ ਬਾਬਾ ਸਾਹਿਬ ਦੀ ਪ੍ਰਤਿਮਾ ਦੀਆਂ ਕੀਤੀਆਂ ਜਾ ਰਹੀਆਂ ਬੇਅਦਬੀਆਂ ਦੇ ਸੰਬੰਧ 'ਚ ਖੁਰਾਲਗੜ ਸਾਹਿਬ ਵਿਖੇ 18 ਜੂਨ ਨੂੰ ਕੀਤੇ ਜਾ ਰਹੇ ਰੋਸ ਧਰਨੇ 'ਚ ਵੀ ਪਹੁੰਚਣ ਦੀ ਅਪੀਲ ਕੀਤੀ।

# ਸਾਂਈ ਬਾਬਾ ਦੇ ਦਰਬਾਰ 'ਤੇ ਸਾਲਾਨਾ ਜੋੜ ਮੇਲਾ 22 ਨੂੰ

**ਫਿਲੌਰ/ਅੱਪਰਾ (ਦੀਪਾ)**-ਹਰ ਸਾਲ ਦੀ ਤਰਾਂ ਇਸ ਸਾਲ ਵੀ ਕਰੀਬੀ ਪਿੰਡ ਛੋਕਰਾਂ ਵਿਖੇ ਸਥਿਤ ਸਾਂਈ ਬਾਬਾ (ਸਾਂਈ ਲੋਕ) ਤੇ ਬਾਬਾ ਫੱਤੂ ਜੀ ਦੇ ਦਰਬਾਰ 'ਤੇ ਸਾਲਾਨਾ ਜੋੜ ਮੇਲਾ ਮਿਤੀ 22 ਜੂਨ ਦਿਨ ਐਤਵਾਰ ਨੂੰ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਪੂਰਨ ਸ਼ਰਧਾ ਤੇ ਉਤਸ਼ਾਹ ਨਾਲ ਕਰਵਾਇਆ ਜਾ ਰਿਹਾ ਹੈ। ਇਸ ਸੰਬੰਧ 'ਚ ਜਾਣਕਾਰੀ ਦਿੰਦਿਆਂ ਸਮੂਹ ਪ੍ਰਬੰਧਕਾਂ ਨੇ ਦੱਸਿਆ ਕਿ 22 ਜੂਨ ਦਿਨ ਐਤਵਾਰ ਨੂੰ ਸਿਰਫ ਧਾਰਮਿਕ ਰਸਮਾਂ ਹੀ ਨਿਭਾਈਆਂ ਜਾਣਗੀਆਂ, ਜਦਕਿ ਲੰਗਰ ਤੇ ਠੰਢੇ ਮਿੱਠੇ ਜਲ ਦੀ ਛਬੀਲ ਤੇ ਹੋਰ ਲੰਗਰ ਮਿਤੀ 26 ਜੂਨ ਦਿਨ ਵੀਰਵਾਰ ਨੂੰ ਵਰਤਾਏ ਜਾਣਗੇ।

# ਸਰਾਫ਼ਾ ਬਜ਼ਾਰ ਅੱਪਰਾ 26 ਤੋਂ 29 ਜੂਨ ਤੱਕ ਬੰਦ ਰਹੇਗਾ

**ਫਿਲੌਰ/ਅੱਪਰਾ (ਦੀਪਾ)**-ਸਵਰਨਕਾਰ ਸੰਘ ਅੱਪਰਾ ਦੇ ਚੇਅਰਮੈਨ ਸ੍ਰੀ ਰੋਪਨ ਘਈ, ਪ੍ਰਧਾਨ ਪ੍ਰਮੋਦ ਘਈ (ਬਿੱਟੂ ਸਰਾਫ਼) ਤੇ ਸਕੱਤਰ ਹਰਕੇਸ਼ ਘਈ (ਸੋਢੀ ਸਰਾਫ਼) ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅੱਪਰਾ ਦਾ ਸਮੂਹ ਸਰਾਫ਼ਾ ਬਜ਼ਾਰ ਗਰਮੀਆਂ ਦੀਆਂ ਛੁੱਟੀਆਂ ਦੇ ਕਾਰਣ ਮਿਤੀ 26, 27, 28 ਤੇ 29 ਜੂਨ ਤੱਕ ਬੰਦ ਰਹੇਗਾ। ਇਹ ਫੈਸਲਾ ਹਰ ਸਾਲ ਦੀ ਤਰਾਂ ਇਸ ਸਾਲ ਵੀ ਸਮੂਹ ਦੁਕਾਨਦਾਰ ਤੇ ਵਪਾਰੀਆਂ ਦੀ ਸਹਿਮਤੀ ਨਾਲ ਲਿਆ ਗਿਆ ਹੈ। ਉਨਾਂ ਗ੍ਰਾਹਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਦੁਕਾਨਾਂ ਬੰਦ ਹੋਣ ਤੋਂ ਪਹਿਲਾਂ ਹੀ ਸੋਨੇ, ਚਾਂਦੀ ਤੇ ਹੀਰੇ ਦੇ ਗਹਿਣਿਆਂ ਦੀ ਖਰੀਦਦਾਰੀ ਕਰ ਸਕਦੇ ਹਨ ਤਾਂ ਕਿ ਉਨਾਂ ਨੂੰ ਦੁਕਾਨਾਂ ਬੰਦ ਹੋਣ ਦੀ ਸੂਰਤ 'ਚ ਕੋਈ ਵੀ ਪ੍ਰੇਸ਼ਾਨੀ ਨਾ ਆਵੇ।

# ਹੁਸ਼ਿਆਰਪੁਰ ਦੇ ਮਿਰਾਜ਼ ਸਿਨੇਪਲੈਕਸ 'ਚ ਕੇਕ ਕੱਟ ਕੇ ਕੀਤੀ ਫਿਲਮ "ਡਾਕੂਆਂ ਦਾ ਮੁੰਡਾ 3" ਦੀ ਰਿਲੀਜ਼ਿੰਗ

## ਫਿਲਮ 'ਚ ਹੁਸ਼ਿਆਰਪੁਰ ਦੀ ਬੇਟੀ ਦ੍ਰਿਸ਼ਟੀ ਤਲਵਾੜ ਦੀ ਅਦਾਕਾਰੀ ਲਈ ਵੱਜੀਆਂ ਤਾੜੀਆਂ





**ਹੁਸ਼ਿਆਰਪੁਰ (ਤਰਸੇਮ ਦੀਵਾਨਾ )** ਅਦਾਕਾਰ ਦੇਵ ਖਰੌੜ, ਬਾਣੀ ਸੰਧੂ ਅਤੇ ਹੁਸ਼ਿਆਰਪੁਰ ਦੀ ਬੇਟੀ ਦ੍ਰਿਸ਼ਟੀ ਤਲਵਾੜ ਦੀ ਨਵੀਂ ਆਈ ਪੰਜਾਬੀ ਫਿਲਮ "ਡਾਕੂਆਂ ਦਾ ਮੁੰਡਾ 3" ਦੀ ਸ਼ੁਕਰਵਾਰ ਨੂੰ ਹੁਸ਼ਿਆਰਪੁਰ ਦੇ ਮਿਰਾਜ਼ ਸਿਨੇ ਪਲੈਕਸ 'ਚ ਕੇਕ ਕੱਟ ਕੇ ਰਿਲੀਜਿੰਗ ਕੀਤੀ ਗਈ । ਜ਼ਿਕਰਯੋਗ ਹੈ ਕਿ ਇਸ ਫਿਲਮ ਵਿੱਚ ਹੁਸ਼ਿਆਰਪੁਰ ਦੀ ਸੀਨੀਅਰ ਅਕਾਲੀ ਦੰਪਤੀ ਸੰਜੀਵ ਤਲਵਾੜ ਅਤੇ ਨੀਤੀ ਤਲਵਾੜ ਦੀ ਲਾਡਲੀ ਬੇਟੀ 'ਦ੍ਰਿਸ਼ਟੀ ਤਲਵਾੜ' ਅਦਾਕਾਰੀ ਕਰ ਰਹੀ ਹੈ ਜਿਸ ਦੀ ਸਿਲਵਰ ਸਕਰੀਨ ਤੇ ਐਂਟਰੀ ਹੁੰਦਿਆਂ ਸਾਰ ਹੀ ਤਾੜੀਆਂ ਦੀ ਗੜ ਗੜਹਾਟ ਨਾਲ ਮਿਰਾਜ਼ ਸਿਨੇਪਲੈਕਸ ਗੂੰਜ ਉਠਿਆ । "ਡਾਕੂਆਂ ਦਾ ਮੁੰਡਾ 3" ਦੇ ਪਹਿਲੇ ਸ਼ੋ ਦੀ ਰਿਲੀਜ਼ਿੰਗ ਮੌਕੇ ਦ੍ਰਿਸ਼ਟੀ ਤਲਵਾੜ ਦੇ ਪਿਤਾ ਸੰਜੀਵ ਤਲਵਾੜ ਤੇ ਮਾਤਾ ਨੀਤੀ ਤਲਵਾੜ ਨੇ ਕੇਕ ਕੱਟ ਕੇ ਖੁਸ਼ੀ ਮਨਾਈ ਅਤੇ ਬੇਟੀ ਦ੍ਰਿਸ਼ਟੀ ਨੂੰ ਸਪੋਰਟ ਕਰਨ ਵਾਲੇ ਸਮੂਹ ਹੁਸ਼ਿਆਰਪੁਰ ਵਾਸੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਦ੍ਰਿਸ਼ਟੀ ਦੇ ਇਸ ਸਿਲਵਰ ਸਕ੍ਰੀਨ ਦੇ ਮੁਸ਼ਕਿਲ ਸਫਰ ਵਿੱਚ ਸਮੂਹ ਹੁਸ਼ਿਆਰਪੁਰ ਵਾਸੀਆਂ ਦੇ ਅਸ਼ੀਰਵਾਦ ਦੀ ਲੋੜ ਹੈ ਉਹਨਾਂ ਆਸ ਪ੍ਰਗਟਾਉਂਦਿਆਂ ਕਿਹਾ ਕਿ ਜਿਵੇਂ ਤਲਵਾੜ ਪਰਿਵਾਰ ਨੂੰ ਰਾਜਨੀਤੀ ਦੇ ਖੇਤਰ ਵਿੱਚ ਹੁਸ਼ਿਆਰਪੁਰ ਵਾਸੀਆਂ ਨੇ ਆਪਣਾ ਪਿਆਰ ਦਿੱਤਾ ਹੈ ਇਸੇ ਤਰ੍ਹਾਂ ਹੀ ਦ੍ਰਿਸ਼ਟੀ ਵੀ ਆਪਣੀ ਮਿਹਨਤ ਅਤੇ ਸਮਰਪਣ ਭਾਵਨਾ ਦੇ ਬਲਬੂਤੇ ਫਿਲਮ ਅਦਾਕਾਰੀ ਦੇ ਖੇਤਰ ਵਿੱਚ ਹੁਸ਼ਿਆਰਪੁਰ ਦਾ ਨਾਮ ਰੌਸ਼ਨ ਕਰੇਗੀ । ਪੱਤਰਕਾਰਾਂ ਵੱਲੋਂ ਪੁੱਛੇ ਗਏ ਇੱਕ ਸਵਾਲ ਦਾ ਜਵਾਬ ਦਿੰਦਿਆਂ ਸੰਜੀਵ ਤਲਵਾੜ ਨੇ ਦੱਸਿਆ ਕਿ ਇਸ ਫਿਲਮ ਦਾ ਵਿਸ਼ਾ ਵਸਤੂ ਯਥਾਰਥ ਦੇ ਬਿਲਕੁਲ ਨਜ਼ਦੀਕ ਹੈ ਅਤੇ ਹਰ ਫਿਲਮ ਵੇਖਣ ਵਾਲੇ ਨੂੰ ਮੌਜੂਦਾ ਪੰਜਾਬ ਦੇ ਅੱਜ ਦੇ ਹਾਲਾਤ ਨੂੰ ਨੇੜਿਓਂ ਦੇਖਣ ਦਾ ਮੌਕਾ ਮਿਲੇਗਾ ਇਸ ਫਿਲਮ ਵਿੱਚ ਇਹ ਦੱਸਿਆ ਗਿਆ ਹੈ ਕਿ ਚਿੱਟੇ ਦਾ ਵਪਾਰ ਕਿਵੇਂ ਕੁਝ ਭ੍ਰਿਸ਼ਟ ਅਤੇ ਸਵਾਰਥੀ ਸਰਕਾਰੀ ਅਧਿਕਾਰੀਆਂ ਅਤੇ ਰਾਜਨੀਤੀਵਾਨਾਂ ਦੀ ਸ਼ਹਿ 'ਤੇ ਹੋਣਹਾਰ ਸੂਝਵਾਨ ਅਤੇ ਉੱਚੇ ਸੁਪਨੇ ਰੱਖਦੀ ਨੌਜਵਾਨ ਪੀੜੀ ਨੂੰ ਨਿਗਲ ਰਿਹਾ ਹੈ ਅਤੇ ਉਨ੍ਹਾਂ ਨੂੰ ਗੈਂਗਸਟਰਵਾਦ ਦੇ ਰਾਹ ਤੋਰ ਰਿਹਾ ਹੈ । ਉਹਨਾਂ ਦਾ ਦਾਅਵਾ ਕੀਤਾ ਕਿ ਇਹ ਫਿਲਮ ਪ੍ਰਚਲਿਤ ਪੰਜਾਬੀ ਫ਼ਿਲਮਾਂ ਨਾਲੋਂ ਹੱਟ ਕੇ ਵਿਸ਼ਾ ਵਸਤੂ, ਅਦਾਕਾਰੀ ਅਤੇ ਸਿਨੇਮਾਟੋਗ੍ਰਾਫੀ ਦੇ ਖੇਤਰ ਵਿੱਚ ਨਵੀਆਂ ਪੈੜਾਂ ਪਾਵੇਗੀ । ਇਸ ਮੌਕੇ ਸਰਬਤ ਦਾ ਭਲਾ ਸੁਸਾਇਟੀ ਦੇ ਆਗਿਆਪਾਲ ਸਿੰਘ ਸਾਹਨੀ, ਕੁਲਵਿੰਦਰ ਸਿੰਘ ਜੰਡਾ, ਸਰਬਜੀਤ ਕੌਰ,ਆਗਿਆਪਾਲ ਸਿੰਘ, ਰੰਜੀਵ ਤਲਵਾੜ, ਹਰਕਮਲ ਕਲਸੀ, ਜੀਵਨ ਕੁਮਾਰ, ਭੁਪਿੰਦਰ ਸਿੰਘ, ਸੁਮਿਤ ਗੁਪਤਾ, ਬਲਵੀਰ ਕੌਰ ਰਾਜਕੁਮਾਰੀ, ਅਗਮਪ੍ਰੀਤ ਕੌਰ, ਸਰਬਜੀਤ ਕੌਰ, ਸੋਨੀਆ ਤਲਵਾੜ, ਪ੍ਰੀਆ ਸੈਣੀ, ਕ੍ਰਿਸ਼ਨਾ ਥਾਪਰ, ਸੀਮਾ, ਸਵਿਤਾ ਸਹਾਰਨ ਅਤੇ ਸ਼ਹਿਰ ਦੀਆਂ ਪ੍ਰਮੁੱਖ ਸ਼ਖਸ਼ੀਅਤਾਂ ਹਾਜ਼ਿਰ ਸਨ।

**ਫੋਟੋ ਅਜਮੇਰ ਦੀਵਾਨਾ**

# ਕੈਨੇਡਾ ਦੇ ਸ਼ਹਿਰ ਬਰੈਂਪਟਨ 'ਚ ਕਰਵਾਏ ਗਏ '28ਵੇਂ ਓਂਟਾਰੀਓ ਕਬੱਡੀ ਕੱਪ'











**ਕੈਨੇਡਾ (ਹਰਜਿੰਦਰ ਪਾਲ ਛਾਬੜਾ)** 2025' ਦੀ ਸਫ਼ਲਤਾ ਲਈ ਕਬੱਡੀ ਫੈੱਡਰੇਸ਼ਨ ਆਫ ਓਂਟਾਰੀਓ, ਟੂਰਨਾਮੈਂਟ ਦੇ ਸਮੂਹ ਪ੍ਰਬੰਧਕਾਂ, ਖਿਡਾਰੀਆਂ, ਸਪਾਂਸਰਾਂ ਅਤੇ ਦਰਸ਼ਕਾਂ ਨੂੰ ਗਾਖਲ ਪਰਿਵਾਰ, ਗਾਖਲ ਗਰੁੱਪ ਯੂ.ਐੱਸ.ਏ ਅਤੇ ਯੂਨਾਈਟਿਡ ਸਪੋਰਟਸ ਕਲੱਬ ਯੂ.ਐੱਸ.ਏ. ਵਲੋਂ ਬਹੁਤ ਬਹੁਤ ਵਧਾਈਆਂ।ਸਮੁੱਚੀ ਦੁਨੀਆਂ ਵਿਚ ਕਬੱਡੀ ਦੀ ਚੜ੍ਹਦੀ ਕਲਾ ਅਤੇ ਖਿਡਾਰੀਆਂ ਦੀ ਤੰਦਰੁਸਤੀ ਲਈ ਹਮੇਸ਼ਾ ਅਰਦਾਸ ਕਰਦੇ ਹਾਂ। ਆਉਂਦੇ ਸਾਲ 2026 ਦੇ ਸਤੰਬਰ ਮਹੀਨੇ ਯੂਨਾਈਟਡ ਸਪੋਰਟਸ ਕਲੱਬ ਅਤੇ ਗਾਖਲ ਗਰੁੱਪ ਵਲੋਂ ਯੂਨੀਅਨ ਸਿਟੀ, ਕੈਲੀਫੋਰਨੀਆਂ (ਅਮਰੀਕਾ) 'ਚ ਕਬੱਡੀ ਦਾ ਵਰਲਡ ਕੱਪ ਵੀ ਕਰਵਾਇਆ ਜਾਵੇਗਾ।ਜਿਸਦਾ ਉਦਘਾਟਨ ਸਾਬਕਾ ਮੈਂਬਰ ਪਾਰਲੀਮੈਂਟ ਸ਼੍ਰੀ ਹੰਸ ਰਾਜ ਹੰਸ ਵਲੋਂ ਕੀਤਾ ਜਾਵੇਗਾ। - ਅਮੋਲਕ ਸਿੰਘ ਗਾਖਲ, ਚੇਅਰਮੈਨ ਗਾਖਲ ਗਰੁੱਪ ਯੂ.ਐੱਸ.ਏ. - ਮੱਖਣ ਸਿੰਘ ਬੈਂਸ - ਇਕਬ-ਾਲ ਸਿੰਘ ਗਾਖਲ - ਜੁਗਰਾਜ ਸਿੰਘ ਸਹੋਤਾ - ਤੀਰਥ ਗਾਖਲ - ਐੱਸ.ਅਸ਼ੋਕ ਭੌਰਾ ।

# 50 ਲੱਖ ਤੋਂ ਵੱਧ ਨਾਲ ਪਾਣੀ ਦੀ ਨਿਕਾਸੀ ਲਈ ਬਣੇ ਨਾਲੇ ਦੀ ਅੱਧੇ ਘੰਟੇ ਦੇ ਮੀਂਹ ਨੇ ਖੋਲੀ ਪੋਲ

## ਪਾਣੀ ਓਵਰ ਫਲੋ ਹੋ ਕੇ ਦੁਕਾਨਾਂ 'ਚ ਵੜਿਆ

**ਹੁਸ਼ਿਆਰਪੁਰ (ਤਰਸੇਮ ਦੀਵਾਨਾ )** ਖੇਤੀ ਬਾੜੀ ਭਵਨ ਅਸਲਾਮਾਬਾਦ ਤੋਂ ਭੰਗੀ ਚੋਅ ਅਸਲਾਮਾਬਾਦ ਤੱਕ ਪਾਣੀ ਦੀ ਨਿਕਾਸੀ ਲਈ ਬਣੇ ਨਾਲੇ ਤੋਂ ਵਾਰਡ 8 , 9 , 10 ਦੇ ਨਿਵਾਸੀਆਂ ਨੂੰ ਵੱਡੀ ਰਾਹਤ ਮਿਲਣ ਦੀ ਉਮੀਦ ਸੀ। ਕਿਉਂਕਿ ਜਦੋਂ ਦਰਮਿਆਨੀ ਤੋਂ ਭਾਰੀ ਬਾਰਿਸ਼ ਹੁੰਦੀ ਸੀ ਗਲੀਆਂ ਵਿਚ ਪਾਣੀ ਲੱਕ ਲੱਕ ਤੱਕ ਭਰ ਜਾਂਦਾ ਸੀ , ਗਲੀਆਂ ਵਿਚੋਂ ਲੋਕਾਂ ਦਾ ਲੰਘਣਾ ਬਹੁਤ ਆਉਖਾ ਹੋ ਜਾਂਦਾ ਸੀ। ਜਿਥੇ ਕੰਮਾਂ ਤੇ ਜਾਣ ਵਾਲੇ ਮਜ਼ਦੂਰ ਲੇਟ ਹੋ ਜਾਂਦੇ ਸਨ ਉਥੇ ਦਫਤਰਾਂ ਦੇ ਮੁਲਾਜ਼ਮ ਅਤੇ ਸਕੂਲਾਂ ਦੇ ਵਿਦਿਆਰਥੀ ਵੀ ਸਕੂਲ ਦੇ ਸਮੇਂ ਤੋਂ ਬਹੁਤ ਲੇਟ ਹੋ ਜਾਂਦੇ ਸਨ। ਲੋਕਾਂ ਦੀ ਇਸ ਸਮੱਸਿਆ ਨੂੰ ਨਗਰ ਨਿਗਮ ਨੇ ਹੱਲ ਕਰਨ ਲਈ ਕਰੀਬ 50 ਲੱਖ ਤੋਂ ਵੱਧ ਦਾ ਪਾਣੀ ਦੀ ਨਿਕਾਸੀ ਲਈ ਨਾਲਾ ਬਣਾਉਣ ਦਾ ਪ੍ਰੋਜੈਕਟ ਪਾਸ ਕੀਤਾ ਜੋ ਕਿ ਕਾਰਪੋਰੇਸ਼ਨ ਨੇ ਪੀ ਡਵਲਯੂ ਡੀ ਨੂੰ ਬਣਾਉਣ ਲਈ ਦੇ ਦਿੱਤਾ ਗਿਆ। ਪੀ ਡਵਲਯੂ ਡੀ ਨੇ ਠੇਕੇਦਾਰ ਨੂੰ ਇਹ ਠੇਕਾ ਦੇ ਕੇ ਨਾਲੇ ਦਾ ਕੰਮ ਪੂਰਾ ਕਰਵਾਇਆ। ਅਜੇ ਦੋ ਕੁ ਮਹੀਨੇ ਹੀ ਹੋਏ ਹਨ ਇਹ ਨਾਲਾ ਬਣੇ ਨੂੰ ਅੱਜ ਅੱਧੇ ਘੰਟੇ ਦੇ ਮੀਂਹ ਨਾਲ ਜਿਥੇ ਲੋਕਾਂ ਨੂੰ ਭਾਰੀ ਗਰਮੀ ਤੋਂ ਥੋੜੀ ਰਾਹਤ ਮਿਲੀ ਹੈ ਓਥੇ ਮੀਂਹ ਤੋਂ ਬਾਅਦ ਗਲੀਆਂ ਵਿੱਚ ਖੜੇ ਪਾਣੀ ਨੇ 50 ਲੱਖ ਤੋਂ ਵੱਧ ਦੀ ਰਾਸ਼ੀ ਨਾਲ ਬਣੇ ਪਾਣੀ ਦੀ ਨਿਕਾਸੀ ਦੇ ਨਾਲੇ ਦੀ ਪੋਲ ਖੋਲ ਦਿੱਤੀ ਹੈ। ਪ੍ਰਾਇਮਰੀ ਸਕੂਲ ਵਾਲੀ ਗਲੀ ਵਿਚ ਪਾਣੀ ਕਿਸੇ ਚੋਅ ਵਾਂਗ ਚੱਲ ਰਿਹਾ ਸੀ , ਕਈ ਦੁਕਾਨਦਾਰਾਂ ਦਾ ਕਹਿਣਾ ਸੀ ਕਿ ਹਲਕੇ ਜਿਹੇ ਮੀਂਹ ਨਾਲ ਪਾਣੀ ਦੁਕਾਨਾਂ ਵਿਚ ਜਾ ਵੜਿਆ ਭਾਰੀ ਬਰਸਾਤ ਵਿੱਚ ਕੀ ਹਾਲ ਹੋਵੇਗਾ। ਜਿਕਰਯੋਗ ਹੈ ਕਿ ਇਹ ਗਰਮੀ ਦੀ ਪਹਿਲੀ ਹਲਕੀ ਬਾਰਿਸ਼ ਹੈ ਜਦੋਂ ਹੋਰ ਭਾਰੀ ਮੀਂਹ ਪੈਣਗੇ ਤਾਂ ਕੀ ਹਾਲਾਤ ਹੋਣਗੇ, ਰੱਬ ਜਾਣੇ।





**ਪ੍ਰਾਇਮਰੀ ਸਕੂਲ ਵਿੱਚ ਖੜੇ ਪਾਣੀ ਦਾ ਦ੍ਰਿਸ਼ ।**

**ਫੋਟੋ ਅਜਮੇਰ ਦੀਵਾਨਾ**

# ਕੇਂਦਰ ਵਿੱਚ ਰਾਜ ਕਰ ਰਹੀ ਅਤੇ ਪੰਜਾਬ ਵਿੱਚ ਰਾਜ ਕਰ ਰਹੀਆਂ ਸਰਕਾਰਾਂ ਬੇਈਮਾਨ ਹਨ: ਚਰਨਜੀਤ ਮੰਢਾਲੀ

**ਬੰਗਾ (ਚਰਨਜੀਤ ਸੱਲ੍ਹਾਂ )** ਕੇਂਦਰ ਵਿੱਚ ਰਾਜ ਕਰ ਰਹੀ ਭਜ਼ਫ ਅਤੇ ਪੰਜਾਬ ਵਿੱਚ ਰਾਜ ਕਰ ਰਹੀ ਆਮ ਆਦਮੀ ਪਾਰਟੀ ਦੀ ਸਰਕਾਰ ਬਾਬਾ ਸਾਹਿਬ ਅੰਬੇਡਕਰ ਜੀ ਦੀ ਸ਼ਖਸ਼ੀਅਤ ਪ੍ਰਤੀ ਦੋਨੋ ਬੇਈਮਾਨ ਨੇ! ਬਾਬਾ ਸਾਹਿਬ ਅੰਬੇਡਕਰ ਜੀ ਦੀਆ ਪ੍ਰਤਿਮਾਵਾਂ ਨੂੰ ਨਿਸ਼ਾਨਾ ਬਣਾਉਣ ਦੇ ਵਿਰੋਧ ਵਿੱਚ ਕਾਂਗਰਸ ਅਤੇ ਅਕਾਲੀ ਦਲ ਦੀ ਲੀਡਰਸ਼ਿਪ ਦੀ ਖਾਮੋਸ਼ੀ ਵੀ ਬਾਬਾ ਸਾਹਿਬ ਦੇ ਵਿਰੋਧੀ ਤੱਤਾਂ ਦੀ ਪੁਸ਼ਤਪਨਾਹੀ ਤੋਂ ਘੱਟ ਨਹੀਂ, ਵਾਰ ਵਾਰ ਹੋ ਰਹੀਆਂ ਬੇਅਦਬੀ ਦੀਆਂ ਘਟਨਾਵਾਂ ਨੇ ਰਾਜ ਕਰ ਰਹੀਆਂ ਦੋਹਾਂ ਪਾਰਟੀਆਂ ਅਤੇ ਕਾਂਗਰਸ ਅਤੇ ਅਕਾਲੀ ਦਲ ਦੇ ਚੇਹਰੇ ਨੰਗੇ ਕਰ ਦਿੱਤੇ ਨੇ! ਬੇਅਦਬੀ ਦੀਆਂ ਘਟਨਾਵਾਂ ਦੇ ਖਿਲਾਫ ਬੀ ਐਸ ਪੀ ਬੰਗਾ ਦੀ ਲੀਡਰਸ਼ਿਪ ਦਾ ਵਫਦ ਨੇ ਬੰਗਾ ਦੇ ਡੀ ਐਸ ਪੀ ਸ਼੍ਰੀ ਹਰਜੀਤ ਸਿੰਘ ਰੰਧਾਵਾ ਜੀ ਨੂੰ ਮਿਲਕੇ ਬੰਗਾ ਹਲਕੇ ਵਿੱਚ ਲਗੇ ਡਾ ਅੰਬੇਡਕਰ ਜੀ ਦੇ ਸਟੈਚੂਆਂ ਦੀ ਸੁਰਖਿਆ ਨੂੰ ਪੰਜਾਬ ਦੀ ਸਰਕਾਰ ਯਕੀਨੀ ਬਣਾਉਣ ਲਈ ਕਿਹਾ ਤੇ ਵਿਦੇਸ਼ ਵਿੱਚ ਬੈਠੇ ਦੇਸ਼ ਤੇ ਸੰਵਿਧਾਨ ਵਿਰੋਧੀ ਲੋਕਾਂ ਨੂੰ ਮੋਦੀ ਸਰਕਾਰ ਭਾਰਤ ਲਿਆਕੇ ਉਨ੍ਹਾਂ ਦੇ ਖਿਲਾਫ਼ ਸਖਤ ਕਾਰਵਾਈ ਕਰੇ ਤੇ ਪੰਜਾਬ ਵਿੱਚ ਉਨ੍ਹਾਂ ਦੇ ਨੈਟਵਰਕ ਦੀ ਪਹਿਚਾਣ ਕਰਕੇ ਉਨ੍ਹਾਂ ਦੇ ਖਿਲਾਫ਼ ਵੀ ਬਣਦੀ ਕਾਰਵਾਈ ਕੀਤੀ ਜਾਵੇ!



**ਚਰਨਜੀਤ ਮੰਢਾਲੀ**
**ਜਨਰਲ ਸਕੱਤਰ ਬਸਪਾ**
**ਵਿਧਾਨ ਸਭਾ ਬੰਗਾ**
**(ਸ਼ਹੀਦ ਭਗਤ ਸਿੰਘ ਨਗਰ )**
**9855722202**
**ਚਰਨਜੀਤ ਮੰਢਾਲੀ ਜਨਰਲ ਸਕੱਤਰ ਬਸਪਾ ਬੰਗਾ**

## ਗੁਰੂ ਅਤੇ ਚੇਲਾ

ਜੀਹਨੂੰ ਸੱਚ ਦੀ ਗੁੜ੍ਹਤੀ ਮਿਲ ਜਾਂਦੀ ,
ਉਹ ਨਹੀਂ ਮਾਰਦਾ ਗੱਪ ਯਾਰੋ ।
ਪੈਸੇ ਵਾਲੇ ਆਪਣਿਆਂ ਦੋਸ਼ਾਂ ਨੂੰ ,
ਹੋਰਾਂ ਸਿਰ ਦਿੰਦੇ ਥੱਪ ਯਾਰੋ ।
ਪਿੰਡ ਰੰਚਣਾਂ ਵਾਲਿਆ ਇਹ ਗੱਲਾਂ ,
ਸੱਚ ਕੀਤੀਆਂ ਅੱਜ ਖਨੌਰੀ ਨੇ ;
ਗੁਰੂ ਟੱਪਣੇ ਹੁੰਦੇ ਨੇ ਜਿਹਨਾਂ ਦੇ ,
ਉਹ ਚੇਲੇ ਜਾਣ ਛੜੱਪ ਯਾਰੋ ।



**ਮੂਲ ਚੰਦ ਸ਼ਰਮਾ**
**ਪ੍ਰਧਾਨ, ਪੰਜਾਬੀ ਸਾਹਿਤ ਸਭਾ ਧੂਰੀ ਜਿਲ੍ਹਾ ਸੰਗਰੂਰ।**
9914836037

## ਗਰੂਰ

ਵੇ ਤੂੰ ਹੀਰਿਆਂ ਦਾ ਹਾਰ ਮੇਰੇ ਗਲ ਫੱਬਦਾ
ਤੇਰਾ ਕਰ ਲਾਂ ਸ਼ਿੰਗਾਰ ਮੇਰਾ ਰੂਪ ਜਗਦਾ
ਕਦੇ ਕਦੇ ਮੈਨੂੰ ਤੇਰੀ ਹੋਣ ਦਾ ਗਰੂਰ ਹੁੰਦਾ ਏ
ਜਦੋਂ ਸੋਚਾਂ ਤੇਰੇ ਬਾਰੇ ਚਿਹਰੇ ਤੇ ਨੂਰ ਹੁੰਦਾ ਏ
ਤੇਰਾ ਨਾ ਲੈ ਕੇ ਗਲੀ ਗਲੀ ਹਾਸੇ ਕੇਰਦੀ
ਮਿਲਣੇ ਦੀ ਰੀਝ ਤੈਨੂੰ ਮੇਰੀ ਬੜੇ ਚਿਰਦੀ
ਤੈਨੂੰ ਸੋਚਦਿਆਂ ਸਾਰ ਹੀ ਸਰੂਰ ਹੁੰਦਾ ਏ
ਕਦੇ ਕਦੇ ਮੈਨੂੰ ਤੇਰੀ ਹੋਣ ਦਾ ਗਰੂਰ ਹੁੰਦਾ ਏ
ਤਾਕੀ ਦਿਲ ਦੀ ਏ ਤੇਰੇ ਲਈ ਖੁੱਲਦੀ ਰਵੇ
ਤੇਰੇ ਮੋਹ ਦੀ ਵੇ ਛਾਂ ਸਿਰ ਝੁੱਲਦੀ ਰਵੇ
ਜਦੋਂ ਵੱਟਨਾ ਏਂ ਪਾਸਾ ਦਿਲ ਚੂਰ ਹੁੰਦਾ ਏ
ਕਦੇ ਕਦੇ ਮੈਨੂੰ ਤੇਰੀ ਹੋਣ ਦਾ ਗਰੂਰ ਹੁੰਦਾ ਏ
ਤੇਰਾ ਨਾ ਲਵਾਂ ਨਿਕਲਾਂ ਉਦਾਸੀਆਂ ਚੋਂ ਬਾਹਰ
ਤੇਰੇ ਲਈ ਬੰਨ ਬੰਨ ਰੱਖਿਆ ਏ ਦਿਲ ਚ ਪਿਆਰ
ਸਦਾ ਤੇਰੀ ਹਾਜਰੀ ਚ ਮੇਰਾ ਹਜ਼ੂਰ ਹੁੰਦਾ ਏ
ਕਦੇ ਕਦੇ ਮੈਨੂੰ ਤੇਰੀ ਹੋਣ ਦਾ ਗਰੂਰ ਹੁੰਦਾ ਏ
ਢੋਲਾ ਦੀਦ ਤੇਰੀ ਹੋਣੀ ਸੱਚੀਂ ਹੱਜ ਵਰਗੀ
ਮਿਸ਼ਰੀ ਜਹੇ ਬੋਲਾਂ ਦੀ ਮਿਠਾਸ ਰੂਹ ਦੇ ਰੱਜ ਵਰਗੀ
ਦਸੈਹਿਰੀ ਅੰਬੀਆਂ ਨੂੰ ਪਿਆ ਜਿਉਂ ਬੂਰ ਹੁੰਦਾ ਏ
ਕਦੇ ਕਦੇ ਮੈਨੂੰ ਤੇਰੀ ਹੋਣ ਦਾ ਗਰੂਰ ਹੁੰਦਾ ਏ
ਅਮਨ ਨੀਂਦ ਚ ਵੀ ਨਾਮ ਤੇਰਾ ਜੱਪਦੀ ਰਵੇ
ਦਿਲਦੇ ਖੂਹ ਚ ਤੇਰੀ ਖੁਸ਼ੀ ਲਈ ਪੀੜਾਂ ਨੱਪਦੀ ਰਵੇ
ਤਿਉੜਾ ਮੱਥੇ ਦਾ ਵੀ ਤੇਰਾ ਮਨਜ਼ੂਰ ਹੁੰਦਾ ਏ
ਕਦੇ ਕਦੇ ਮੈਨੂੰ ਤੇਰੀ ਹੋਣ ਦਾ ਗਰੂਰ ਹੁੰਦਾ ਏ

**ਅਮਨ ਢਿੱਲੋਂ ਕਸੇਲ**
**ਬਾਬਾ ਬਕਾਲਾ ਸਾਹਿਬ**

## " ਬੀਤੀਆਂ ਘੜੀਆਂ"

ਬੋਹੜ ਦੀਆਂ ਉਹ ਕਿੱਥੇ ਛਾਵਾਂ ਲੱਭਦੀਆਂ ਨੇ,
ਵਿਛੜ ਜਾਣ ਜੇ , ਕਿੱਥੇ ਮਾਵਾਂ ਲੱਭਦੀਆਂ ਨੇ।

ਚੌਕ ਚੁਰਾਹੇ, ਜਿੱਥੇ ਰੌਣਕ ਹੁੰਦੀ ਸੀ,
ਕਿੱਥੇ ਉਹ, ਹੁਣ ਸਾਂਝੀਆਂ ਥਾਵਾਂ,ਲੱਭਦੀਆਂ ਨੇ,

ਸ਼ਾਮ ਸਵੇਰੇ ਜਿੱਥੇ ਰੌਣਕ ਹੁੰਦੀ ਸੀ,
ਸੱਥ ਜਿਹੀਆਂ,ਉਹ ਕਿੱਥੇ ਥਾਵਾਂ,ਲੱਭਦੀਆਂ ਨੇ।

ਵਿੱਚ ਮੁਸੀਬਤ,ਜੋ ਗਲੇ ਵਿੱਚ,ਪੈਂਦੀਆਂ ਸੀ,
ਕਿੱਥੇ ਅੱਜ ਕੱਲ੍ਹ ਉਹੋ,ਬਾਹਵਾਂ ਲੱਭਦੀਆਂ ਨੇ।

ਕਦੇ ਧੀ-ਭੈਣ ਦੀ ਸਾਂਝ ਹੁੰਦੀ ਸੀ ਲੋਕਾਂ ਵਿੱਚ ,
ਹਰ ਪਾਸੇ ਹੁਣ ਕਾਤਲ, ਨਿਗਾਹਾਂ ਲੱਭਦੀਆਂ ਨੇ।

ਸਾਕ ਸਬੰਧੀ ਦੁੱਖੜੇ, ਕਦੇ ਵੰਡਾਉਂਦੇ ਸੀ,
ਅੱਜ ਕੱਲ੍ਹ ਤਾਂ ਵਸ,ਗਰਮ ਹਵਾਵਾਂ ਵਗਦੀਆਂ ਨੇ,

ਪਿਆਰ ਸੱਚੇ ਤੇ ,ਰਿਸ਼ਤੇ ਪਾਕ ਪਵਿੱਤਰ ਸੀ,
ਕਿੱਥੇ ਉਹ ਹੁਣ,ਪਾਕ ਫਿਜ਼ਾਵਾਂ ਲੱਭਦੀਆਂ ਨੇ

ਅੰਮ੍ਰਿਤ ਵੇਲੇ ਠੰਡੀ, ਸਾਫ਼ ਸੀ ਹਵਾ ਹੁੰਦੀ,
ਕਿੱਥੇ ਉਹ ਹੁਣ ਸਾਫ਼ ,ਹਵਾਵਾਂ ਲੱਭਦੀਆਂ ਨੇ,

ਧੁਰ ਪਿੰਡਾਂ ਦੀ, ਲੱਗਦੀ ਹੁੰਦੀ ਚੰਗੀ ਸੀ,
ਅੱਜ ਕੱਲ੍ਹ ਕਿੱਥੇ, ਕੱਚੀਆਂ ਰਾਹਾਂ ਲੱਭਦੀਆਂ ਨੇ,

ਦਾਦੀ-ਨਾਨੀ ਦੀਆਂ ਬਾਤਾਂ ਸਭ, ਗੁਆਚ ਗਈਆਂ,
ਲੱਭਿਆ ਵੀ ਨਾ,ਇਹ ਸੁਗਾਤਾਂ ਲੱਭਦੀਆਂ ਨੇ,

ਛੁੱਟੀਆਂ ਹੁੰਦੀਆਂ, ਕਦੇ ਸੀ,ਨਾਨਕੀ ਬੀਤਦੀਆਂ,
ਉਡੀਕ, ਭਰੀਆਂ ਉਹ, ਕਿੱਥੇ ਰਾਹਾਂ ਲੱਭਦੀਆਂ ਨੇ,

ਵੰਡ ਛਕਣ ਦੀ ਆਦਤ, ਹੁੰਦੀ ਪਹਿਲਾਂ ਸੀ,
ਕਿਉਂ !ਲਾਲਚ ਭਰੀਆਂ ਹਰ ਇੱਕ ਥਾਵਾਂ ਲੱਭਦੀਆਂ ਨੇ,

ਵਿਖਰੇਵੇਂ ਦੀ ਝੁਲਦੀ ਪਈ ਹਨ੍ਹੇਰੀ ਏ,
ਕਿੱਥੇ ਉਹ ਹੁਣ, ਸ਼ਾਂਤ ਹਵਾਵਾਂ ਲੱਭਦੀਆਂ ਨੇ,

ਸੰਦੀਪ ਕਹੇ ਉਹ ਬੀਤੇ ਵੇਲੇ ਮੁੜ ਆਵਣ,
ਪਰ ਬੀਤ ਗਈਆਂ ਜੋ ਘੜੀਆਂ ਕਿੱਥੇ ਲੱਭਦੀਆਂ ਨੇ।



**ਸੰਦੀਪ ਸਿੰਘ 'ਬਖੋਪੀਰ'**
**ਸੰਪਰਕ:-9815321017**

## ਫਿਰ ਨਾ ਕਿਹੋ ਦੱਸਿਆ ਨਹੀਂ

1 ਤਾਜ਼ੀ ਮਲਾਈ ਚ ਖੰਡ ਪਾਕੇ ਪਰੌਂਠੇ ਖਾਣ ਦਾ ਸੁਆਦ।
2 ਤਾਜ਼ੀ ਮਲਾਈ ਚ ਨਮਕ ਮਿਰਚ ਪਾਕੇ ਖਾਣਾ
3 ਬੇਹੀ ਰੋਟੀ ਨੂੰ ਗਰਮ ਕਰਕੇ ਉੱਤੇ ਲੂਣ ਭੁੱਕਕੇ ਖਾਣਾ।
4 ਚਿੱਬੜਾਂ ਦੀ ਚੱਟਣੀ ਤੇਂ ਨਾਲ ਲੱਸੀ।
5 ਚਾਹ ਨਾਲ ਬੂੰਦੀ ਭੁੱਜੀਆ।
6 ਲਾਲ ਮਿਰਚਾਂ ਰਗੜਕੇ ਲੱਸੀ ਵਿੱਚ ਪਾਕੇ ਰੋਟੀ ਖਾਣਾ।
7 ਗੰਢੇ ਟਮਾਟਰ ਦੀ ਚੱਟਣੀ ਉਪਰ ਤਾਜ਼ਾ ਮੱਖਣ ਰੱਖਕੇ ਰੋਟੀ ਖਾਣਾ।
8 ਮੁੱਕੀ ਮਾਰ ਕੇ ਗੰਢਾ ਭੰਨ ਕੇ ਖਾਣਾ।
9 ਸ਼ੱਕਰ ਘਿਓ ਨਾਲ ਰੋਟੀ ਲੰਘਾਉਣੀ
10 ਨਾਨੀ ਵਾਲੇ ਬਿਸਕੁਟ ਚਾਹ ਵਿੱਚ ਡਬੋ ਕੇ ਖਾਣੇ।
11 ਚਿੱਬੜ ਪਾਕੇ ਗਵਾਰੇ ਦੀਆਂ ਫਲੀਆਂ।
12 ਦੁੱਧ ਪਾਕੇ ਤੋਰੀਆਂ ਦੀ ਸਬਜ਼ੀ ਬਣਾਉਣਾ।
13 ਵੇਸ਼ਣ ਦੇ ਗੱਟੇ ਦੀ ਸਬਜ਼ੀ।
14 ਪੌਣੇ ਨਾਲ ਲੱਸੀ ਪੁਣਕੇ ਰਾਇਤਾ ਬਣਾਉਣਾ।
15 ਦੇਸੀ ਖੰਡ/ਸ਼ੱਕਰ ਪਾਕੇ ਚੂਰੀ ਬਣਾਉਣਾ।
16 ਗੁਲਗਲੇ ਅਤੇ ਪੂੜੇ।
17 ਆਲੂ ਪਿਆਜ਼ ਗੋਭੀ ਪਾਲਕ ਦੇ ਪਕੌੜ
18 ਦੁੱਧ ਵਿੱਚ ਪਾਕੇ ਜਲੇਬੀਆਂ।
19 ਗੁੜ ਦੇ ਚੌਲ ਤੇਂ ਪੀਲੇ ਚੌਲ ਜਰਦਾ।
20 ਹਰੀ ਮਿਰਚ ਤੇ ਪਿਆਜ਼ ਦੀ ਦੇਸੀ ਘਿਓ ਚ ਤੜਕੀ ਚੱਟਣੀ।



ਬਾਕੀ ਭਾਈ ਤੁਸੀ ਦੱਸ ਦਿਓਂ। ਆਪਾਂ ਤਾਂ
ਬਰਗਰ ਪੀਜ਼ੇ ਡੋਸੇ ਸਬਵੇ ਚਉਮਿਨ ਮੁਮੋਜ਼ ਨੂੰ ਟੱਕਰ ਦੇਣੀ ਹੈ।

**ਰਮੇਸ਼ ਸੇਠੀ ਬਾਦਲ**
9876627233




# ਆਪ ਦੇ ਐਸੀ ਵਿੰਗ ਗੌਬਿੰਦਪੁਰ ਦੇ ਪ੍ਰਧਾਨ ਸੁਖਦੇਵ ਰਾਮ ਦੀ ਮਾਤਾ ਜੀ ਦੀ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ







**ਬੰਗਾ( ਚਰਨਜੀਤ ਸੱਲ੍ਹਾਂ )** ਆਮ ਆਦਮੀ ਪਾਰਟੀ ਦੇ ਐਸੀ ਵਿੰਗ ਪਿੰਡ ਗੋਬਿੰਦਪੁਰ ਦੇ ਪ੍ਰਧਾਨ ਸੁਖਦੇਵ ਰਾਮ ਦੀ ਮਾਤਾ ਸੁਰਿੰਦਰ ਕੌਰ ਜੀ ਦੀ ਅੱਜ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ ਹੋਇਆ। ਇਸ ਮੌਕੇ ਤੇ ਕੀਰਤਨੀ ਜਥੇ ਨੇ ਵਿਰਾਗ ਮਈ ਕੀਰਤਨ ਸੁਣਾਕੇ ਸੰਗਤਾਂ ਨੂੰ ਇਹ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਇੱਕ ਨਾਂ ਇੱਕ ਦਿਨ ਸਾਰਿਆਂ ਨੇ ਇਸ ਸੰਸਾਰ ਨੂੰ ਅਲਵਿਦਾ ਆਖ ਕੇ ਤੁਰ ਜਾਣਾ ਹੈ।ਆਮ ਆਦਮੀ ਪਾਰਟੀ ਦੀ ਸੀਨੀਅਰ ਆਗੂ ਹਰਜੋਤ ਲੋਹਟੀਆ ਨੇ ਮਾਵਾਂ ਠੰਡੀਆਂ ਛਾਵਾਂ ਹੁੰਦੀਆਂ ਹਨ ਇਹਨਾਂ ਦੀ ਸੇਵਾ ਕਿਸੇ ਕਿਸੇ ਦੇ ਕਰਮਾਂ ਵਿੱਚ ਹੁੰਦੀ ਹੈ ਇਸ ਮਾਂ ਨੂੰ ਮੇਰੇ ਵੱਲੋਂ ਅਤੇ ਮੇਰੀ ਪਾਰਟੀ ਵੱਲੋਂ ਸ਼ਰਧਾਂਜਲੀ ਭੇਟ ਕਰਦੀ ਹਾਂ। ਇਸ ਮੌਕੇ ਤੇ ਉਨ੍ਹਾਂ ਨਾਲ ਬਲਬੀਰ ਕਰਨਾਣਾ ਮੰਡੀ ਬੋਰਡ ਦੇ ਚੇਅਰਮੈਨ ਬੰਗਾ, ਸਤਪਾਲ ਸਿੰਘ ਲੋਗੀਆ ਸਰਪੰਚ , ਰਛਪਾਲ ਸਿੰਘ ਨੰਬਰਦਾਰ, ਦਰਸ਼ਨ ਸਿੰਘ ਨੰਬਰਦਾਰ, ਡਾ ਕੁਲਦੀਪ ਮੱਲ,ਕੁਲਵਿੰਦਰ ਰਾਮ, ਗੁਰਪ੍ਰੀਤ ਪੰਚ,ਕਾਮਰੇਡ ਚਰਨਦ-ਾਸ, ਕਾਮਰੇਡ ਗੁਰਦੇਵ ਰਾਮ, ਕਾਮਰੇਡ ਕੁਲਵਿੰਦਰ ਰਾਮ, ਕਾਮਰੇਡ ਲਛਮਣ ਸਿੰਘ, ਕਾਮ-ਰੇਡ ਬਲਵੀਰ ਰਾਮ, ਹਰਬੰਸ ਵਿਰਦੀ ਪੱਦੀਮੱਟਵਾਲੀ, ਗੁਰਦੀਪ ਪੰਚ, ਹਰਬੰਸ ਲਾਲ ਪੰਚ, ਸਮੂਹ ਸਕੇਂ ਸਬੰਧੀ ਅਤੇ ਰਿਸ਼ਤੇਦਾਰ ਹਾਜ਼ਰ ਸਨ।

## ਬਾਬਾ ਸਾਹਿਬ ਡਾ ਅੰਬੇਡਕਰ ਜੀ ਦੀ ਸੋਚ ਨੂੰ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚਾਉਣਾ ਚਾਹੁੰਦੇ ਹਾਂ : ਮਹਿੰਦਰ ਸਿੰਘ ਧਾਮੀ



**ਬੰਗਾ ।** ਸ. ਮਹਿੰਦਰ ਸਿੰਘ ਧਾਮੀ ਅਮਰੀਕਾ ਉੱਘੇ ਸਮਾਜ ਸੇਵਕ ਅਤੇ ਪ੍ਰਧਾਨ ਡਾ. ਬੀ. ਆਰ. ਅੰਬੇਡਕਰ ਪਿਉਪਿਲ ਐਜੂਕੇਸ਼ਨ ਐਂਡ ਵੈਲਫੇਅਰ ਏਡ ਸੋਸਾਇਟੀ ਰਜਿਸਟਰਡ ਐਨ.ਜੀ.ਓ ਪੰਜਾਬ ਵਿਸ਼ੇਸ਼ ਤੌਰ 'ਤੇ ਡਾ. ਕਸ਼ਮੀਰ ਚੰਦ ਸਰਜੀਕਲ ਸਪੈਸ਼ਲਿਸਟ ਐਮ.ਜੇ ਲਾਈਫ ਕੇਅਰ ਹਸਪਤਾਲ ਬੰਗਾ ਨੂੰ ਵਿਸ਼ੇਸ਼ ਤੌਰ 'ਤੇ ਮਿਲਣ ਲਈ ਉਨਾ ਦੀ ਰਿਹਾਇਸ਼ 'ਤੇ ਪੰਹੁਚੇ। ਇਏ ਮੌਕੇ ਸ. ਧਾਮੀ ਵਲੋਂ ਡਾ. ਭੀਮ ਰਾਓ ਅੰਬੇਡਕਰ ਜੀ ਦੇ ਮਿਸ਼ਨ ਨੂੰ ਵੱਧ ਤੋਂ ਵੱਧ ਲੋਕਾਂ ਤੱਕ ਪੁੰਚਾਉਣ ਬਾਰੇ ਵਿਚਾਰ ਵਟਾਂਦਰਾ ਕੀਤਾ। ਉਨਾ ਕਿਹਾ ਕਿ ਡਾ. ਭੀਮ ਰਾਓ ਦੀ ਸੋਚ ਨੂੰ ਅੱਗੇ ਵਧਾਉਣ ਲਈ ਗਰੀਬ ਹੁਸ਼ਿਆਰ ਪੜਨ ਵਾਲੇ ਬੱਚਿਆਂ ਨੂੰ ਐਨ.ਆਰ.ਆਈਜ ਵਲੋਂ ਵੱਧ ਤੋਂ ਵੱਧ ਸਹਾਇਤਾ ਕਰਨ ਲਈ ਵਚਨਬੱਧ ਹੈ । ਇਸ ਮੌਕੇ ਡਾ. ਕਸ਼ਮੀਰ ਚੰਦ ਵਲੋਂ ਸ. ਧਾਮੀ ਅਤੇ ਸ. ਕਿਰਪਾਲ ਸਿੰਘ ਝੱਲੀ ਸੇਵਾਮੁਕਤ ਜਿਲ੍ਹਾ ਸਮੂਹ ਸਿੱਖਿਆ ਤੇ ਸੂਚਨਾ ਅਫਸਰ ਨੂੰ "ਡਾ. ਅੰਬੇਡਕਰ ਦਾ ਜੀਵਨ ਸੰਘਰਸ਼" ਕਿਤਾਬਚਾ ਭੇਟ ਕੀਤਾ ਜਿਸ ਸਬੰਧੀ 24 ਅਗਸਤ 2025 ਨੂੰ 16ਵਾਂ ਮੁਕਾਬਲਾ ਕਰਵਾਇਆ ਜਾ ਰਿਹਾ ਹੈ।

## ਸਰਕਾਰ ਹੋਏ ਫੈਸਲੇ ਦੀਆਂ ਮੰਗਾਂ ਨਹੀਂ ਮੰਨਦੀ ਤਾਂ 15 ਨੂੰ ਮੁਕੰਮਲ ਹੜਤਾਲ ਕਰਨ ਦਾ ਐਲਾਨ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਪਾਵਰਕਾਮ ਐਂਡ ਟਰਾਂਸਕੋ ਠੇਕਾ ਮੁਲਾਜ਼ਮ ਯੂਨੀਅਨ ਪੰਜਾਬ ਵੱਲੋਂ ਆਪਣੀ ਹੱਕੀ ਅਤੇ ਜਾਇਜ਼ ਮੰਗਾਂ ਦੀ ਪ੍ਰਾਪਤੀ ਲਈ ਲੜੇ ਜਾ ਰਹੇ ਘੋਲ ਦੇ ਸਦਕਾ ਪਿਛਲੀ ਦਿਨੀਂ ਮਿਤੀ 29 ਮਈ 2025 ਨੂੰ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਸਮੇਤ ਪਾਵਰਕੌਮ ਬੋਰਡ ਮੈਨੇਜਮੈਂਟ ਦੇ ਪ੍ਰਮੁੱਖ ਸਕੱਤਰ/ਸੀਐਮਡੀ ਅਤੇ ਪ੍ਰਮੁੱਖ ਸਕੱਤਰ ਵਿੱਤ ਅਤੇ ਪ੍ਰਬੰਧਕੀ ਡਾਰੈਕਟਰ ਪੀਐਸਪੀਸੀਐਲ ਨਾਲ ਚੰਡੀਗੜ੍ਹ ਵਿਖੇ ਬੈਠਕ ਹੋਈ ਜਿਸ ਵਿੱਚ ਸੀਐਚਬੀ ਠੇਕਾ ਕਾਮਿਆਂ ਨੂੰ ਸਿੱਧਾ ਵਿਭਾਗ ਸ਼ਾਮਿਲ ਕਰਨ ਅਤੇ 1948 ਐਕਟ ਮੁਤਾਬਕ ਘੱਟੋ ਘੱਟ ਗੁਜ਼ਾਰੇ ਯੋਗ ਤਨਖਾਹ ਬਿਜਲੀ ਦਾ ਕਰੰਟ ਲੱਗਣ ਕਾਰਨ ਹਾਦਸਾ ਪੀੜਤ ਪੀੜਤ ਨੂੰ ਪੱਕੀ ਨੌਕਰੀ ਪੈਨਸ਼ਨ ਦੀ ਗਰੰਟੀ ਕਰਵਾਉਣ ਸਮੇਤ ਮੰਗ ਪੱਤਰ ਵਿੱਚ ਦਰਜ ਲਈ ਚਰਚਾ ਹੋਈ ਜਿਸ ਨੂੰ ਵਿੱਤ ਮੰਤਰੀ ਅਤੇ ਬਿਜਲੀ ਵਿਭਾਗ ਬੋਰਡ ਮੈਨੇਜਮੈਂਟ ਵੱਲੋਂ ਮੰਗਾਂ ਨੂੰ ਲਾਗੂ ਕਰਨ ਦਾ ਭਰੋਸਾ ਜਤਾਇਆ ਗਿਆ ਅਤੇ 10-15 ਦਿਨਾਂ ਦੇ ਅੰਦਰ ਅੰਦਰ ਮੁੱਖ ਮੰਤਰੀ ਨਾਲ ਮੀਟਿੰਗ ਕਰਵਾ ਕੇ ਮੰਗਾਂ ਦਾ ਨਿਪਟਾਰਾ ਕਰਨ ਦਾ ਪੱਤਰ ਜਾਰੀ ਕੀਤਾ ਗਿਆ। ਅਗਰ ਬੋਰਡ ਮੈਨੇਜਮੈਂਟ ਤੇ ਸਰਕਾਰ ਮਿਤੀ 14 ਜੂਨ 2025 ਤੋਂ ਪਹਿਲਾਂ ਪਹਿਲਾਂ ਮੁੱਖ ਮੰਤਰੀ ਨੂੰ ਬਿਠਾ ਮੰਗਾਂ ਦਾ ਨਿਪਟਾਰਾ ਨਹੀਂ ਕਰਦੀ ਤਾਂ ਮਜਬੂਰਨ ਜਥੇਬੰਦੀ ਮਿਤੀ 15 ਜੂਨ 2025 ਨੂੰ ਮੁਕੰਮਲ ਹੜਤਾਲ ਕਰ ਲਗਾਤਾਰ ਰੋਸ ਧਰਨਾ ਦੇਣ ਲਈ ਮਜਬੂਰ ਹੋਵੇਗੀ।

## ਗੁਲਾਬ ਕੌਰ ਯਾਦਗਾਰੀ ਮੁਹਿੰਮ ਦੀ ਸਫਲਤਾ ਲਈ ਦੇਸ਼ ਭਗਤ ਕਮੇਟੀ ਨੇ ਹਾਲ ਨੂੰ ਦਿੱਤਾ ਨਵਾਂ ਮੁਹਾਂਦਰਾ



**ਜਲੰਧਰ (ਸਤਨਾਮ ਸਿੰਘ ਸਹੂੰਗੜਾ)** ਗ਼ਦਰੀ ਗੁਲਾਬ ਬੀਬੀ ਗੁਲਾਬ ਕੌਰ ਦੇ ਵਿਛੋੜੇ ਦੀ ਸ਼ਤਾਬਦੀ (1925-2025) ਮੁਹਿੰਮ ਦੀ ਸਿਖ਼ਰ ਪਹਿਲੀ ਨਵੰਬਰ 34ਵਾਂ ਮੇਲਾ ਗ਼ਦਰੀ ਬਾਬਿਆਂ ਦਾ ਯਾਦਗਾਰੀ ਮੀਲ ਪੱਥਰ ਹੋ ਸਕੇ, ਇਸ ਲਈ ਨਿਰੰਤਰ ਮੁਹਿੰਮ ਚਲਾਉਣ ਦੀ ਲੜੀ ਵਜੋਂ ਦੇਸ਼ ਭਗਤ ਯਾਦਗਾਰ ਹਾਲ ਨੂੰ ਮੁਹਿੰਮ ਦਾ ਮਰਕਜ਼ ਸਥਾਪਤ ਕਰਨ ਲਈ ਅੱਜ ਵਿਸ਼ੇਸ਼ ਕਦਮ ਚੁੱਕੇ ਗਏ। ਪਹਿਲੇ ਕਦਮ ਵਜੋਂ ਗ਼ਦਰੀ ਗੁਲਾਬ ਕੌਰ ਦੇ ਸਮਕਾਲੀ ਸਾਥੀ ਸ਼ਹੀਦ ਕਰਤਾਰ ਸਿੰਘ ਸਰਾਭਾ ਮੰਚ, ਗ਼ਦਰੀ ਗੁਲਾਬ ਕੌਰ ਯਾਦਗਾਰੀ ਹਾਲ, ਬਾਬਾ ਜਵਾਲਾ ਸਿੰਘ ਹਾਲ, ਪ੍ਰੋ. ਬਰਕਤ ਉੱਲਾ ਹਾਲ, ਸ਼ਹੀਦ ਵਿਸ਼ਨੂੰ ਗਣੇਸ਼ ਪਿੰਗਲੇ ਹਾਲ, ਬਾਬਾ ਭਗਤ ਸਿੰਘ ਬਿਲਗਾ ਕਿਤਾਬ ਘਰ ਦੇ ਜੁੜਵੇਂ ਰੀਡਿੰਗ ਰੂਮ, ਗੰਧਰਵ ਸੈਨ ਕੋਛੜ ਯਾਦਗਾਰੀ ਥੀਏਟਰ 'ਚ ਆਹਲਾ ਦਰਜ਼ੇ ਦੀ ਸਾਊਂਡ ਲਗਾਉਣ ਦਾ ਵਡੇਰਾ ਪ੍ਰੋਜੈਕਟ ਨੇਪਰੇ ਚਾੜ੍ਹਨ ਲਈ ਅੱਜ ਵਿਸ਼ੇਸ਼ ਉੱਦਮ ਕੀਤਾ ਗਿਆ। ਇਸ ਵਿੱਚ ਵਿੱਤ ਪੱਖੋਂ ਸੁਰਿੰਦਰ ਕੁਮਾਰੀ ਕੋਛੜ ਨੇ ਵਿਸ਼ੇਸ਼ ਯੋਗਦਾਨ ਪਾਇਆ। ਦੇਸ਼ ਭਗਤ ਯਾਦਗਾਰ ਹਾਲ 'ਚ ਵਿਚਾਰ-ਚਰਚਾ ਮਿਲਣੀ, ਫਿਲਮ ਸ਼ੋਅ, ਕਨਵੈਨਸ਼ਨ, ਕਾਨਫਰੰਸ, ਗੀਤ-ਸੰਗੀਤ ਅਤੇ ਰੰਗ ਮੰਚ ਲਈ ਪੰਜਾਬ ਭਰ ਦੀਆਂ ਲੋਕ-ਪੱਖੀ ਸੰਸਥਾਵਾਂ ਦੀ ਸੁਵਿਧਾ ਅਤੇ ਲੋੜ ਦੀ ਪੂਰਤੀ ਕਰਨ ਦਾ ਕਾਰਜ਼ ਨੇਪਰੇ ਚਾੜ੍ਹਕੇ ਅੱਜ ਕਮੇਟੀ ਨੇ ਬੇਹੱਦ ਖ਼ੁਸ਼ੀ ਮਹਿਸੂਸ ਕੀਤੀ। ਬੋਰਡ ਆਫ ਟਰੱਸਟ ਦੀ ਮੀਟਿੰਗ 'ਚ ਲਏ ਫੈਸਲੇ ਨੂੰ ਅਮਲੀ ਜਾਮਾ ਪਹਿਨਾਉਂਦੇ ਹੋਏ ਅੱਜ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਸਾਰੇ ਹਾਲਾਂ ਵਿੱਚ ਸਾਊਂਡ, ਪਰਦੇ, ਰੰਗ-ਰੋਗਨ, ਰੌਸ਼ਨੀ, ਕੁਰਸੀਆਂ ਅਤੇ ਲੋੜੀਂਦੀਆਂ ਜ਼ਰੂਰਤਾਂ ਦੀ ਪੂਰਤੀ ਲਈ ਅੱਜ ਸਾਡੇ ਕੰਮਾਂ ਨੂੰ ਹੱਥ ਲਿਆ ਗਿਆ।

ਉਹਨਾਂ ਇਹ ਵੀ ਦੱਸਿਆ ਕਿ ਬੋਰਡ ਆਫ਼ ਟਰੱਸਟ ਨੇ ਇਸ ਵਡੇਰੇ ਪ੍ਰੋਜੈਕਟ 'ਤੇ ਕੀਤੇ ਖ਼ਰਚਿਆਂ ਦੀ ਪੂਰਤੀ ਲਈ ਅਤੇ ਪੰਜਾਬ ਭਰ ਦੀਆਂ ਵੰਨ-ਸੁਵੰਨੀਆਂ ਸਰਗਰਮੀਆਂ ਲਈ ਆਪਣਾ ਘਰ ਸਮਝਕੇ ਦੇਸ਼ ਭਗਤ ਯਾਦਗਾਰ ਹਾਲ ਵਿੱਚ ਆਉਣ ਨੂੰ ਸੰਸਥਾਵਾਂ ਅਤੇ ਲੋਕ ਮਾਣ ਮਹਿਸੂਸ ਕਰਨ ਲੱਗਣ, ਇਹਨਾਂ ਲੋੜਾਂ ਦੀ ਪੂਰਤੀ ਲਈ ਵਿੱਤੀ ਸਹਾਇਤਾ ਦੀ ਵੀ ਅੱਜ ਵਿਸ਼ੇਸ਼ ਅਪੀਲ ਕੀਤੀ ਹੈ। ਇਸਦੇ ਨਾਲ ਹੀ ਦੇਸ਼-ਵਿਦੇਸ਼ ਅੰਦਰ ਗ਼ਦਰੀ ਗੁਲਾਬ ਕੌਰ ਵਿਛੋੜੇ ਦੀ 100ਵੇਂ ਵਰ੍ਹੇ ਉਸਦੀ ਦੇਣ ਨੂੰ ਸਿਜਦਾ ਕਰਨ ਲਈ ਥਾਓਂ ਥਾਈਂ ਸਮਾਗਮ ਕਰਨ ਅਤੇ ਪਹਿਲੀ ਨਵੰਬਰ ਗ਼ਦਰੀ ਬਾਬਿਆਂ ਦੇ ਮੇਲੇ ਮੌਕੇ ਵਹੀਰਾਂ ਘੱਤ ਕੇ ਪੁੱਜਣ ਦੀ ਅਪੀਲ ਵੀ ਕੀਤੀ ਹੈ। ਇਸ ਮੌਕੇ ਕਮੇਟੀ ਦੇ ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ,ਕਮੇਟੀ ਮੈਂਬਰ ਅਤੇ ਦੇਖ ਰੇਖ ਕਮੇਟੀ ਦੇ ਕਨਵੀਨਰ ਰਣਜੀਤ ਸਿੰਘ ਔਲਖ, ਮਿਊਜ਼ੀਅਮ ਕਮੇਟੀ ਦੇ ਕਨਵੀਨਰ ਸੁਰਿੰਦਰ ਕੁਮਾਰੀ ਕੋਛੜ, ਅਮੋਲਕ ਸਿੰਘ ਅਤੇ ਕਮੇਟੀ ਦੇ ਸਟਾਫ ਮੈਂਬਰ ਹਾਜ਼ਰ ਸਨ।

for more news visit:
www.samajweekly.com

# ਵਿਜੇ ਦੱਤ ਮੈਂਬਰ ਪੰਜਾਬ ਰਾਜ ਖ਼ੁਰਾਕ ਕਮਿਸ਼ਨ ਵੱਲੋਂ ਰਾਸ਼ਨ ਡਿਪੂਆਂ ਦਾ ਕੀਤਾ ਗਿਆ ਨਿਰੀਖਣ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਰਾਸ਼ਟਰੀ ਖ਼ੁਰਾਕ ਸੁਰੱਖਿਆ ਐਕਟ ਦੇ ਉਪਬੰਧਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਪੰਜਾਬ ਰਾਜ ਖ਼ੁਰਾਕ ਕਮਿਸ਼ਨ ਵੰਡੀ ਜਾ ਰਹੀ ਕਣਕ ਦੀ ਗੁਣਵੱਤਾ ਅਤੇ ਮਾਤਰਾ ਵਿਚ ਪਾਰਦਰਸ਼ਤਾ ਬਣਾਈ ਰੱਖਣ ਲਈ ਸਰਕਾਰੀ ਰਾਸ਼ਨ ਡਿਪੂਆਂ 'ਤੇ ਨਿਯਮਤ ਤੌਰ 'ਤੇ ਅਚਾਨਕ ਨਿਰੀਖਣ ਕਰਦਾ ਰਹੇਗਾ। ਇਸ ਯੋਜਨਾ ਨੂੰ ਲਾਗੂ ਕਰਨ ਵਿਚ ਲਾਪਰਵਾਹੀ ਵਰਤਣ ਵਾਲੇ ਕਿਸੇ ਵੀ ਵਿਅਕਤੀ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਇਹ ਗੱਲ ਪੰਜਾਬ ਰਾਜ ਖ਼ੁਰਾਕ ਕਮਿਸ਼ਨ ਦੇ ਮੈਂਬਰ ਵਿਜੇ ਦੱਤ ਨੇ ਅੱਜ ਹੁਸ਼ਿਆਰਪੁਰ ਜ਼ਿਲ੍ਹੇ ਦੇ ਕਈ ਸਰਕਾਰੀ ਰਾਸ਼ਨ ਡਿਪੂਆਂ ਦੇ ਅਚਨਚੇਤ ਨਿਰੀਖਣ ਦੌਰਾਨ ਕਹੀ। ਵਿਜੇ ਦੱਤ ਨੇ ਗੜ੍ਹਸ਼ੰਕਰ ਖੇਤਰ ਦੇ ਚੱਕ ਗੁਰੂ, ਰੁੜਕੀ ਖਾਸ, ਅਲੀਪੁਰ ਅਤੇ ਬਾਰਾਪੁਰ ਪਿੰਡਾਂ ਵਿਚ ਸਥਿਤ ਰਾਸ਼ਨ ਡਿਪੂਆਂ ਦਾ ਨਿਰੀਖਣ ਕੀਤਾ। ਉਨ੍ਹਾਂ ਨੇ ਡਿਜੀਟਲ ਨਮੀ ਮੀਟਰ ਦੀ ਵਰਤੋਂ ਕਰਕੇ ਕਣਕ ਦੇ ਨਮੀ ਦੇ ਪੱਧਰ ਦੀ ਜਾਂਚ ਕੀਤੀ, ਜੋ ਕਿ ਨਿਰਧਾਰਤ ਮਾਪਦੰਡਾਂ ਦੇ ਅੰਦਰ ਪਾਇਆ ਗਿਆ। ਨਿਰੀਖਣ ਦੌਰਾਨ ਖ਼ੁਰਾਕ ਸਪਲਾਈ ਵਿਭਾਗ ਦੇ ਅਧਿਕਾਰੀ ਵੀ ਮੌਜੂਦ ਸਨ। ਉਨ੍ਹਾਂ



ਦੱਸਿਆ ਕਿ ਸਰਕਾਰ ਅਪ੍ਰੈਲ ਤੋਂ ਜੂਨ ਤੱਕ ਤਿੰਨ ਮਹੀਨਿਆਂ ਦੀ ਮਿਆਦ ਲਈ ਕਣਕ ਵੰਡ ਯੋਜਨਾ ਚਲਾ ਰਹੀ ਹੈ। ਸਰਕਾਰ ਵੱਲੋਂ ਪ੍ਰਦਾਨ ਕੀਤੀਆਂ ਗਈਆਂ ਬਾਇਓਮੈਟ੍ਰਿਕ ਮਸ਼ੀਨਾਂ ਅਤੇ ਇਲੈਕਟ੍ਰਾਨਿਕ ਤੋਲਣ ਵਾਲੇ ਪੈਮਾਨਿਆਂ ਦੀ ਵਰਤੋਂ ਨਾਲ, ਹਰੇਕ ਡਿੱਪੂ 'ਤੇ ਵੰਡ ਪ੍ਰਕਿਰਿਆ ਵਧੇਰੇ ਪਾਰਦਰਸ਼ੀ ਅਤੇ ਕੁਸ਼ਲ ਹੋ ਗਈ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਅਜਿਹੇ ਅਚਨਚੇਤ ਦੌਰੇ ਭਵਿੱਖ ਵਿਚ ਵੀ ਜਾਰੀ ਰਹਿਣਗੇ ਅਤੇ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਸਾਰੇ ਯੋਗ ਲਾਭਪਾਤਰੀਆਂ ਨੂੰ ਅਪੀਲ ਕੀਤੀ ਕਿ ਜਿਨ੍ਹਾਂ ਨੇ ਅਜੇ ਤੱਕ ਆਪਣਾ ਤਿੰਨ ਮਹੀਨਿਆਂ ਦਾ ਕਣਕ ਦਾ ਕੋਟਾ ਇਕੱਠਾ ਨਹੀਂ ਕੀਤਾ ਹੈ, ਉਹ ਆਪਣੇ ਨਜ਼ਦੀਕੀ ਰਾਸ਼ਨ ਡਿਪੂ ਤੋਂ ਅਜਿਹਾ ਕਰਨ। ਇਸ ਤੋਂ ਇਲਾਵਾ, ਉਨ੍ਹਾਂ ਹਦਾਇਤ ਕੀਤੀ ਕਿ ਪੰਜਾਬ ਰਾਜ ਖ਼ੁਰਾਕ ਕਮਿਸ਼ਨ ਦਾ ਹੈਲਪਲਾਈਨ ਨੰਬਰ 9876764545 ਸਾਰੇ ਰਾਸ਼ਨ ਡਿਪੂਆਂ 'ਤੇ ਸਪੱਸ਼ਟ ਤੌਰ 'ਤੇ ਪ੍ਰਦਰਸ਼ਿਤ ਕੀਤਾ ਜਾਣਾ ਚਾਹੀਦਾ ਹੈ। ਕੋਈ ਵੀ ਲਾਭਪਾਤਰੀ ਇਸ ਹੈਲਪਲਾਈਨ ਰਾਹੀਂ ਯੋਜਨਾ ਨਾਲ ਸਬੰਧਤ ਸ਼ਿਕਾਇਤਾਂ ਦਰਜ ਕਰਵਾ ਸਕਦਾ ਹੈ।

# ਅੱਖਾਂ ਦਾ ਦਾਨ ਤੇ ਪੂਰਾ ਸ਼ਰੀਰ ਦਾਨ ਕਰਨਾ ਸਾਰੇ ਦਾਨਾਂ ਤੋਂ ਵੱਡਾ ਦਾਨ ਹੈ - ਭਾਈ ਮਸੀਤੀ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਸੰਸਾਰ ਵਿੱਚ ਸਰੀਰ ਦਾਨ,ਅੰਗਦਾਨ ਤੇ ਨੇਤਰਦਾਨ ਤੋਂ ਵੱਡਾ ਕੋਈ ਦਾਨ ਨਹੀਂ ਇਹ ਸਭ ਤੋਂ ਉੱਤਮ ਦਾਨ ਹੈ ਜੋ ਆਪ ਜੀ ਦੁਆਰਾ ਦਾਨ ਕੀਤਾ ਗਿਆ ਨੇਤਰਦਾਨ ਬਣ ਸਕਦਾ ਹੈ ਕਿਸੇ ਨੇਤਰਹੀਣ ਵਿਅਕਤੀਆ ਲਈ ਵਰਦਾਨ ਹੈ।ਕਿਉਂਕਿ ਮੌਤ ਜੀਵਨ ਦੀ ਸੱਚਾਈ ਹੈ,ਅਸੀਂ ਜਿਊਣ ਲਈ ਪੈਦਾ ਹੋਏ ਹਾ, ਤੇ ਮੌਤ ਵੀ ਸੱਚ ਹੈ, ਜੋ ਜੀਵਨ ਸਾਨੂੰ ਮਿਲਿਆ ਹੈ ਉਸ ਦਾ ਅੰਤ ਇੱਕ ਨਾ ਇੱਕ ਦਿਨ ਜਰੂਰ ਹੋਣਾ ਹੈ, ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਦਸੂਹਾ ਦੇ ਐਮਐਲਏ ਕਰਮਵੀਰ ਸਿੰਘ ਘੁੰਮਣ ਨੇ ਆਈ ਡੋਨਰ ਇੰਚਾਰਜ ਟਾਂਡਾ ਸਟੇਟ ਅਵਾਰਡੀ ਭਾਈ ਵਰਿੰਦਰ ਸਿੰਘ ਮਸੀਤੀ ਨਾਲ ਬਾਬਾ ਜਸਪਾਲ ਸਿੰਘ ਜੀ ਉਡਤੇ ਵਾਲਿਆਂ ਦੇ ਡੇਰੇ ਪਹੁੰਚਣ ਮੌਕੇ ਕੀਤਾ, ਉਹਨਾਂ ਦਾ ਕਹਿਣਾ ਸੀ ਕਿ ਮਨੁੱਖ ਨੂੰ ਆਪਣੀ ਇਛਾ ਅਨੁਸਾਰ ਮਨੁਖਤਾ ਦੇ ਭਲੇ ਲਈ



ਜਿਉਂਦੇ ਜੀ ਰਕਤ ਦਾਨ ਕਰਨਾ ਚਾਹੀਦਾ ਹੈ ਤੇ ਮਰਨ ਉਪਰੰਤ ਸਰੀਰ ਦਾਨ,ਅੰਗਦਾਨ ਤੇ ਨੇਤਰ ਦਾਨ ਕਰਨੇ ਚਾਹੀਦੇ ਹਨ ਤੇ ਮੌਤ ਤੋ ਬਾਅਦ ਮ੍ਰਿਤਕ ਦੇਹ ਡਾਕਟਰੀ ਖੋਜਾਂ ਲਈ ਤੇ ਮ੍ਰਿਤਕ ਸਰੀਰ ਦੇ ਹੋਰ ਅੰਗ ਜਿਨ੍ਹਾਂ ਲੋਕਾਂ ਦੇ ਅੰਗ ਖਰਾਬ ਹੋ ਚੁੱਕੇ ਹਨ ਉਨਾ ਨੂੰ ਦਾਨ ਕੀਤੇ ਜਾਣੇ ਚਾਹੀਦੇ ਹਨ ਜਿਸ ਨਾਲ ਲੋੜਵੰਦ ਵਿਅਕਤੀਆਂ ਨੂੰ ਨਵਾ ਜੀਵਨ ਮਿਲ ਸਕਦਾ ਹੈ।ਉਨਾਂ ਆਖਿਆ ਕਿ ਇਨਸਾਨ ਦੀ ਮੌਤ ਤੋ ਬਾਅਦ ਸਾਡੀਆਂ ਦੋ ਅੱਖਾਂ ਤੇ ਸਰੀਰ ਦੇ ਅੰਗ ਕਿਸੇ ਲੋੜਵੰਦ ਵਿਅਕਤੀ ਦੀ ਜਿੰਦਗੀ ਬਚਾਉਣ ਵਿੱਚ ਸਹਾਈ ਹੋ ਸਕਦੇ ਹਨ। ਇਸ ਮੌਕੇ ਬਾਬਾ ਜਸਪਾਲ ਸਿੰਘ ਨੇ ਵਿਧਾਇਕ ਕਰਮਵੀਰ ਸਿੰਘ ਘੁੰਮਣ ਤੇ ਭਾਈ ਵਰਿੰਦਰ ਸਿੰਘ ਮਸੀਤੀ ਦੇ ਵਿਚਾਰਾਂ ਦੀ ਸ਼ਲਾਂਘਾ ਕੀਤੀ ਤੇ ਉਨਾ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਨੇਤਰਦਾਨ ਅਸੋਸੀਏਸ਼ਨ ਹੁਸ਼ਿਆਰਪੁਰ ਵੱਲੋਂ ਚਲਾਏ ਜਾਂਦੇ ਮਾਨਵਤਾ ਭਲਾਈ ਦੇ ਇਹਨਾਂ ਕਾਰਜਾਂ ਵਿੱਚ ਆਪਣਾ ਯੋਗਦਾਨ ਪੌਣ ਤਾਂ ਜੋ ਇੱਕ ਨਵੇਂ ਸਮਾਜ ਦੀ ਸਿਰਜਣਾ ਕੀਤੀ ਜਾ ਸਕੇ।

# ਵਿਧਾਇਕ ਜਿੰਪਾ ਨੇ ਮੁਹੱਲਾ ਸੈਂਟਰਲ ਟਾਊਨ 'ਚ 29 ਲੱਖ ਰੁਪਏ ਦੀ ਲਾਗਤ ਨਾਲ ਬਣੇ ਟਿਊਬਵੈੱਲ ਦਾ ਕੀਤਾ ਉਦਘਾਟਨ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਸ਼ਹਿਰ ਵਾਸੀਆਂ ਨੂੰ ਪੀਣ ਵਾਲੇ ਪਾਣੀ ਦੀ ਸਹੂਲਤ ਨੂੰ ਹੋਰ ਬਿਹਤਰ ਬਣਾਉਣ ਵੱਲ ਇੱਕ ਹੋਰ ਮਹੱਤਵਪੂਰਨ ਕਦਮ ਚੁੱਕਦੇ ਹੋਏ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਅੱਜ ਵਾਰਡ ਨੰਬਰ 31 ਦੇ ਮੁਹੱਲਾ ਸੈਂਟਰਲ ਟਾਊਨ ਵਿੱਚ 29 ਲੱਖ ਰੁਪਏ ਦੀ ਲਾਗਤ ਨਾਲ ਬਣੇ ਟਿਊਬਵੈੱਲ ਦਾ ਰਸਮੀ ਉਦਘਾਟਨ ਕੀਤਾ। ਇਸ ਮੌਕੇ ਸਥਾਨਕ ਨਿਵਾਸੀਆਂ ਅਤੇ ਪਤਵੰਤਿਆਂ ਦੀ ਮੌਜੂਦਗੀ ਵਿੱਚ ਆਯੋਜਿਤ ਇੱਕ ਪ੍ਰੋਗਰਾਮ ਵਿੱਚ ਉਨ੍ਹਾਂ ਨੇ ਇਹ ਟਿਊਬਵੈੱਲ ਜਨਤਾ ਨੂੰ ਸਮਰਪਿਤ ਕੀਤਾ। ਇਸ ਮੌਕੇ ਵਿਧਾਇਕ ਜਿੰਪਾ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਅਗਵਾਈ ਹੇਠ ਹੁਸ਼ਿਆਰਪੁਰ ਸ਼ਹਿਰ



ਵਿੱਚ ਬੁਨਿਆਦੀ ਸਹੂਲਤਾਂ ਨੂੰ ਮਜ਼ਬੂਤ ਕਰਨ ਲਈ ਨਿਰੰਤਰ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਗਰਮੀਆਂ ਵਿੱਚ ਪਾਣੀ ਦੀ ਮੰਗ ਵਧ ਜਾਂਦੀ ਹੈ ਅਤੇ ਅਜਿਹੀ ਸਥਿਤੀ ਵਿੱਚ ਨਵੇਂ ਟਿਊਬਵੈੱਲ ਲਗਾਉਣ ਨਾਲ ਇਲਾਕੇ ਦੇ ਲੋਕਾਂ ਨੂੰ ਨਿਰਵਿਘਨ ਪਾਣੀ ਦੀ ਸਪਲਾਈ ਯਕੀਨੀ ਬਣਾਈ ਜਾ ਸਕੇਗੀ। ਉਨ੍ਹਾਂ ਕਿਹਾ ਕਿ ਇਹ ਸਰਕਾਰ ਦੀ ਤਰਜੀਹ ਹੈ ਕਿ ਹਰ ਵਾਰਡ ਵਿੱਚ ਲੋਕਾਂ ਨੂੰ ਸਾਫ਼ ਅਤੇ ਲੋੜੀਂਦਾ ਪੀਣ ਵਾਲਾ ਪਾਣੀ ਉਪਲਬਧ ਹੋਵੇ।ਵਿਧਾਇਕ ਜਿੰਪਾ ਨੇ ਕਿਹਾ ਕਿ ਸੈਂਟਰਲ ਟਾਊਨ ਇਲਾਕੇ ਦੇ ਲੋਕ ਲੰਬੇ ਸਮੇਂ ਤੋਂ ਪਾਣੀ ਦੇ ਸੰਕਟ ਦਾ ਸਾਹਮਣਾ ਕਰ ਰਹੇ ਸਨ। ਹੁਣ ਇਸ ਟਿਊਬਵੈੱਲ ਦੇ ਸ਼ੁਰੂ ਹੋਣ ਨਾਲ ਇਹ ਸਮੱਸਿਆ ਸਥਾਈ ਤੌਰ 'ਤੇ ਹੱਲ ਹੋ ਜਾਵੇਗੀ।

# ਗਰਭਵਤੀ ਔਰਤਾਂ ਦੇ ਜਾਂਚ ਕੈਂਪ ਆਜੋਯਿਤ

**ਮਾਨਸਾ ।** ਸਿਵਲ ਸਰਜਨ ਮਾਨਸਾ ਡਾਕਟਰ ਅਰਵਿੰਦਪਾਲ ਸਿੰਘ ਦੀ ਅਗਵਾਈ ਵਿੱਚ ਸਮੂਦਾਇਕ ਸਿਹਤ ਕੇਂਦਰ ਖਿਆਾਲਾ ਕਲਾਂ ਵਿਖੇ ਪ੍ਰਧਾਨ ਮੰਤਰੀ ਮਾਤ੍ਰਿਤਵ ਸੁੱਰਖਿਆ ਅਭਿਆਨ ਤਹਿਤ ਗਰਭਵਤੀ ਔਰਤਾਂ ਦਾ ਜਾਂਚ ਕੈਂਪ ਲਗਾਇਆ ਗਿਆ। ਕੈਂਪ ਵਿੱਚ ਉੱਚ ਜੋਖ਼ਮ ਗਰਭਵਤੀ ਔਰਤਾਂ ਦੀ ਜ਼ਰੂਰੀ ਜਾਂਚ, ਖ਼ੂਨ ਦੀ ਜਾਂਚ ਅਤੇ ਸ਼ੂਗਰ ਟੈਸਟ ਆਦਿ ਮੁਫਤ ਕੀਤੇ ਗਏ । ਸੀਨੀਅਰ ਮੈਡੀਕਲ ਅਫ਼ਸਰ ਡਾਕਟਰ ਬਲਜਿੰਦਰ ਕੌਰ ਅਤੇ ਡਾਕਟਰ ਹਰਮਨਦੀਪ ਸਿੰਘ ਨੇ ਦੱਸਿਆ ਕਿ ਸਮੂਦਾਇਕ ਸਿਹਤ ਕੇਂਦਰ ਖਿਆਲਾ ਕਲਾਂ ਵਿਖੇ ਨਾਰਮਲ ਜਣੇਪਾ ਸੇਵਾਵਾਂ ਲਈ ਪੂਰੇ ਪ੍ਰਬੰਧ ਕੀਤੇ ਗਏ ਹਨ। ਬਲਾਕ ਐਜੂਕੇਟਰ ਕੇਵਲ ਸਿੰਘ ਨੇ



ਦੱਸਿਆ ਕਿ ਉਚ ਜੋਖ਼ਮ ਗਰਭਵਤੀ ਔਰਤਾਂ ਦੀ ਪਹਿਚਾਣ ਕਰਕੇ ਉਚੇਰੀ ਸਿਹਤ ਸੰਸਥਾਵਾਂ ਵਿੱਚ ਭੇਜਿਆ ਜਾਂਦਾ ਹੈ। ਗਰਭਵਤੀ ਔਰਤਾਂ ਦੇ ਚਾਰ ਜ਼ਰੂਰੀ ਚੈਕ ਅੱਪ ਕਰਵਾਉਣ ਨਾਲ ਜਣੇਪੇ ਦੌਰਾਨ ਹੋਣ ਵਾਲੀਆਂ ਮੁਸ਼ਕਲਾਂ ਅਤੇ ਔਰਤਾਂ ਦੀ ਮੌਤ ਦਰ ਨੂੰ ਘੱਟ ਕਰਨ ਵਿੱਚ ਮੱਦਦ ਮਿਲੇਗੀ।ਗਰਭ ਦੌਰਾਨ ਖ਼ਤਰੇ ਦੇ ਚਿੰਨ੍ਹਾਂ ਦੀ ਪਹਿਚਾਣ ਬਾਰੇ ਅਤੇ ਗਰਭਵਤੀ ਔਰਤਾਂ ਨੂੰ ਜੱਚਾ ਬੱਚਾ ਕਾਰਡ ਵਿੱਚ ਦਰਜ ਜਾਣਕਾਰੀ ਰਾਹੀਂ ਗਰਭ ਸਮੇਂ ਹੋਣ ਵਾਲੀਆਂ ਮੁਸ਼ਕਲਾਂ ਅਤੇ ਬੱਚੇ ਦੀ ਸੰਭਾਲ ਬਾਰੇ ਅਤੇ ਖ਼ੂਨ ਦੀ ਮਾਤਰਾ ਪੂਰੀ ਰੱਖਣ ਬਾਰੇ ਜਾਣਕਾਰੀ ਦਿੱਤੀ ਗਈ।

# ਹੋਮਿਓਪੈਥਿਕ ਹੈਲਥ ਕਲੀਨਿਕ (ਡਰਬੀ) ਰਜਿ:
# HOMOEOPATHIC HEALTH CLINIC (DERBY) REGD.



MANJEET SINGH KHANBA
Award Winner 1999, 2001 & 2005
(2 Awards) BSYA

... (FREE CONSULTATION) ...

GENERAL DISEASES: (Diabetes), (Asthma), (Arthritis), (Rheumatism), (Sciatica), (Indigestion), (Heart Burning), (Constipation), (Piles), (Haemorrhoids), (Flatulence), (Jaundice), (Hepatitis), (Hernia), (Blood Presure High or Low), (Obesity), (Migraine), (Hair Falling), (Alopecia), (Acne), (Pigmentation), (Bleeding Gums & Pyorrhoea), (Tinnitis), (Vertigo), (Anaemia), (Neuralgia), (Depression).

{ ਖੁਜਲੀ Eczema ਜਾਂ ਸੋਰਾਈਸਿਸ Psoriasis, ਮਿਰਗੀ ਦੇ ਦੌਰੇ Epileptic Fits, ਨਿਰਉਤਸ਼ਾਹ, Depression, ਵਰਗੀਆਂ ਦੁੱਖਦਾਈ ਬੀਮਾਰੀਆਂ ਨੂੰ ਅਸੀਂ ਜੜ੍ਹੋਂ ਖਤਮ ਕਰਦੇ ਹਾਂ }

**EYE DROPS:** ਅੱਖਾਂ ਦੀਆਂ ਸਭ ਤਰ੍ਹਾਂ ਦੀਆਂ ਬਿਮਾਰੀਆਂ ਵਿਚ ਹਰ ਕਿਸੇ ਲਈ ਮਦਦਗਾਰ (ਇਕ ਅਜੂਬਾ) £13

**TONICS** - 1) ਸਰੀਰਕ ਸ਼ਕਤੀ ANAEMIA ... (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

2) ਮਾਨਸਿਕ ਸ਼ਕਤੀ ਲਈ: (NERVE TONIC)- ਮਾਨਸਿਕ ਤਨਾਅ, ਥਕਾਵਟ, ਉਨੀਂਦਾ, ਪ੍ਰੇਸ਼ਾਨੀ, ਡਿਪ੍ਰੈਸ਼ਨ ਤੇ ਹਰ ਬਿਮਾਰੀ ਵਿਚ ਮਦਦ, ਹਰ ਕਿਸੇ ਲਈ (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

## ਮਰਦਾਨਾ ਬੀਮਾਰੀਆਂ-ਕਮਜ਼ੋਰੀਆਂ ਅਤੇ ਤਾਕਤ ਲਈ ਨੁਸਖੇ:

1) ... -------- 1 ਮਹੀਨੇ ਦੀ ਕੀਮਤ £35
2) ... -------- 1 ਮਹੀਨੇ ਦੀ ਕੀਮਤ £35
3) ... (HEALTHY SPERMS) ... 1 ਮਹੀਨੇ ਦੀ ਕੀਮਤ £40
4) ... -------- 1 ਮਹੀਨੇ ਦੀ ਕੀਮਤ £35
5) ... -------- 1 ਮਹੀਨੇ ਦੀ ਕੀਮਤ £35
6) ... -------- 1 ਮਹੀਨੇ ਦੀ ਕੀਮਤ £30
7) ... -------- 1 ਮਹੀਨੇ ਦੀ ਕੀਮਤ £25
8) ... -------- 1 ਮਹੀਨੇ ਦੀ ਕੀਮਤ £25

### ਇਸ ਤੋਂ ਇਲਾਵਾ ਪੁਰਸ਼ਾਂ ਦੇ ਹੋਰ ਗੁਪਤ ਰੋਗ ਜਿਵੇਂ :

... (AZOOSPERMIA), ... (HYDROCELE), ... (GONORRHOEA), ... (PROSTATE GLAND) ... (SYPHILIS) ... SPERMATIC ... (VARICOCELE) ...

## ਔਰਤਾਂ ਲਈ ਕੁਦਰਤੀ ਤੋਹਫ਼ੇ ਅਤੇ ਨੁਸਖੇ (SCIENTIFICALLY PROVEN 'NATURAL GIFTS')

... INFORMATION ... 1 ਮਹੀਨੇ ਦੀ ਕੀਮਤ

ਨੁਸਖਾ ਨੰਬਰ 1 (IN TABLETS): ... (PIGMENTATION WHITE SPOTS) ... £69
ਨੁਸਖਾ ਨੰਬਰ 2 (IN CAPSULES OR IN PEARLS): ... PROPER SHAPE ... £89
ਨੁਸਖਾ ਨੰਬਰ 3 (IN CAPSULES): ... (POWERFUL FAT BURNER) ... £69
ਨੁਸਖਾ ਨੰਬਰ 4 (IN CAPSULES): ... (FLABBY & OUT OF SHAPE BELLY) ... FLAT ਅਤੇ TONED ... £69
ਨੁਸਖਾ ਨੰਬਰ 5 (IN CAPSULES): ... (FEMALE SEX-DRIVE) ... A REAL MAGIC ... £69
ਨੁਸਖਾ ਨੰਬਰ 6 (GEL IN APPLICATORS): ... SEXUAL DISCOMFORT ... VAGINAL LUBRICATION GEL / (MAGIC) —£49
ਨੁਸਖਾ ਨੰਬਰ 7 (IN CAPSULES): ... (MENOPAUSE) ... CALCIUM ... (OSTEOPOROSIS) ... £59
ਨੁਸਖਾ ਨੰਬਰ 8 (IN CAPSULES): ... -£59
ਨੁਸਖਾ ਨੰਬਰ 9 (IN CAPSULES): ... £59
ਨੁਸਖਾ ਨੰਬਰ 10 (IN CAPSULES): ... GUARANTEED GOOD QUALITY SLEEP ——— £59
ਨੁਸਖਾ ਨੰਬਰ 11 (IN TABLETS): ... (ANAEMIA) ... £49

### ਮਰਦਾਂ ਲਈ ਕੁਦਰਤੀ ਤੋਹਫ਼ੇ ਅਤੇ ਨੁਸਖੇ-ਇਕ ਮਹੀਨੇ ਦੀ ਕੀਮਤ

ਨੁਸਖਾ ਨੰਬਰ 12 (IN TABLETS): ... (SPECIAL OCCASIONS) ... £89
ਨੁਸਖਾ ਨੰਬਰ 13 (IN VIALS): ... £89
ਨੁਸਖਾ ਨੰਬਰ 14 (IN TABLETS): ... SEXUAL ... MALE DISORDERS ... £69

## ਔਰਤਾਂ ਦੀਆਂ ਗੁਪਤ ਬੀਮਾਰੀਆਂ, ਜਿਵੇਂ :

... (Dysmenorrhoea), ... (Atrophy of Mammae) ... (Mastitis), ... (Uterus) ... (Physometra) ... (Fibroid Uterine), ... (Diseases of Ovaries), ... (Ovarian Cysts), ... (Vaginimus), ... (Vaginitis), ... (Frigidity), ... (Prutitis), ... (Sterility), ... (Miscarriage) ... (Diseases of Post Partum) ... (Menopause Disorders) ...

**ਨੋਟ: ਜ਼ਰੂਰਤ ਮੁਤਾਬਕ ਔਰਤਾਂ ਦੀ ਚੈਕਿੰਗ ਲਈ ਲੇਡੀ ਕੰਸਲਟੈਂਟ ਦਾ ਪ੍ਰਬੰਧ ਹੈ ।**

LADY CONSULTANT & PRACTITIONER IS AVAILABLE, MRS. JASWINDER KAUR KHANBA BSYA. (HOM.) (A.P.) AND (NUTRI.)

ਬੱਚਿਆਂ ਦੀ ਬੀਮਾਰੀਆਂ, ਜਿਵੇਂ: ... (Stammering), ... (Tonsilits), ... (Worms), ... (Enuresis), ... (Wheezing Problem), ... (Eczema), ... (Psoriasis), ... (Anaemia), ... (Backward Children), ... (Rickets), ... (Epilepsy) ...

## ਸਾਡੇ EXTERNAL USE ਲਈ LOTION, OIL OINTMENT, LINIMENT ਅਤੇ CAPSULES ਆਪ ਜੀ ਦੀ ਲੋੜ ਅਨੁਸਾਰ ਬਣਾ ਕੇ ਦਿੰਦੇ ਹਾਂ ਸਾਡੇ ਆਪਣੇ ਕੁਝ SPECIFIC BRANDS ਇਸ ਤਰ੍ਹਾਂ ਹਨ (ਇਹ ਜਾਦੂ ਵਾਂਗ ਕੰਮ ਕਰਦੇ ਹਨ)

| | | |
|---|---|---|
| PILAES (IN OINTMENT) | ... | £19 |
| NURALACO (IN OINTMENT OR LOTION) | ... | £19 |
| CHILLAGA (IN OINTMENT OR LOTION) | ... | £19 |
| ARNSTRA (IN OINTMENT) | ... (SPRAINS) ... (BED SORES) ... | £19 |
| BELINFLA (IN OIL OR OINTMENT) | ... | £19 |
| BELULCE (IN OIL) | ... ULCERS ... | £19 |
| BRYJOIN (IN OIL) | ... | £19 |
| CALWOUN (IN OIL OR OINTMENT) | ... | £19 |
| BURCAN (IN LOTION OR OINTMENT) | ... | £19 |
| ROUTUM (IN OINTMENT) | ... | £19 |
| JOINRHU (IN OIL) | ... | £19 |
| ASSSIL (IN LOTION) | ... | £19 |
| ITCSUL (IN OIL) | ... | £19 |
| WARTHU (IN OIL) | ... (WARTS) ... | £19 |

* HOMOEOPATHIC HEALTH CLINIC ... £10 ...

ALL INFORMATION IS KEPT STRICTLY CONFIDENTIAL

PLEASE MAKE AN APPOINTMENT: **MANJEET SINGH KHANBA**
M.A. M.(LIT) BSYA (HOM.) & (A.P.) (ADV. HERBALISM) AND NUTRI.) HOM. CONSULTANT & PRACTITIONER.
236, BLAGREAVES LANE, LITTLEOVER, DERBY. DE23 1PS, U.K.
Tel/FAX: 00 44 (0)+1332-72 72 42 Mobile: 00 44 (0)+7973-85 10 12
www.homoeopathichealthclinicderby.com Email : manjeetkhanba@aol.com

OPEN 7 DAYS STRICTLY ON APPOINTMENTS

# ਜੇ ਰੱਬ ਇੱਕ ਹੈ ਫਿਰ ਧਰਮ ਤਬਦੀਲੀਆਂ ਦੇ ਝਗੜੇ ਕਿਉਂ?

ਧਰਮ ਕੀ ਹੈ, ਧਰਮ ਨੂੰ ਦਇਆ ਦਾ ਪੁੱਤ ਵੀ ਕਿਹਾ ਜਾਂਦਾ ਹੈ, ਕਿਸੇ ਤੇ ਦਇਆ ਕਰਨ, ਕਿਸੇ ਦਾ ਭਲਾ ਕਰਨ, ਪੁੰਨ ਦਾਨ ਕਰਨ ਜਾਂ ਹੋਰ ਕਿਸੇ ਵੀ ਤਰ੍ਹਾਂ ਦੇ ਚੰਗੇ ਕੰਮ ਕਰਨ ਨੂੰ ਧਰਮ ਦੇ ਕੰਮ ਕਿਹਾ ਜਾਂਦਾ ਹੈ, ਗੁਰਬਾਣੀ ਵਿੱਚ ਦਰਜ ਹੈ, ਸਰਬ ਧਰਮ ਮਹਿ ਸ੍ਰੇਸਟ ਧਰਮੁ॥ ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥ (ਪੰਨਾ ਨੰਬਰ 266) ਪ੍ਰੋ: ਸਾਹਿਬ ਸਿੰਘ ਜੀ ਲਿਖਦੇ ਹਨ ਕਿ ਹੇ ਮਨ ਪ੍ਰਭੂ ਦਾ ਨਾਮ ਜਪ ਤੇ ਪਵਿਤ੍ਰ ਆਚਰਣ ਬਣਾ ਇਹ ਧਰਮ ਸਾਰੇ ਧਰਮਾਂ ਨਾਲੋਂ ਚੰਗਾ ਹੈ। ਉਂਝ ਤਾਂ ਧਰਮ ਅਣਗਿਣਤ ਹੀ ਬਣ ਰਹੇ ਹਨ, ਪਰ ਜਿਆਦਾ ਤਰ ਹਿੰਦੂ, ਮੁਸਲਿਮ, ਸਿੱਖ, ਇਸਾਈ ਆਦਿ ਦੀ ਗੱਲ ਹੀ ਚੱਲਦੀ ਹੈ, ਕਹੇ ਜਾਂਦੇ ਇਹਨਾ ਸਾਰੇ ਧਰਮਾਂ ਵਿੱਚ ਅੰਧਵਿਸ਼ਵਾਸੀ ਅਤੇ ਗੱਪ ਕਹਾਣੀਆਂ ਦੀ ਬਹੁਤਾਂਤ ਹੁੰਦੀ ਹੈ, ਸਾਰੇ ਆਪਣੇ ਆਪ ਨੂੰ ਵਿਗਆਨਕ ਸਿੱਧ ਕਰਨ ਦੀ ਕੋਸ਼ਿਸ਼ ਕਰਦੇ ਹੋਏ ਵਗਿਆਨ ਦਾ ਵਿਰੋਧ ਵੀ ਕਰਦੇ ਹਨ। ਸਾਰੇ ਧਰਮਾ ਵਾਲੇ ਇਹ ਵੀ ਕਹਿੰਦੇ ਹਨ ਕਿ ਰੱਬ ਇੱਕ ਹੀ ਹੈ, ਇਹ ਵੀ ਕਿਹਾ ਜਾਂਦਾ ਹੈ ਕਿ ਵੱਖਰੋ ਵੱਖਰੇ ਧਰਮਾਂ ਵੱਲੋਂ ਲਏ ਜਾਂਦੇ ਵੱਖੋ ਵੱਖਰੇ ਨਾਮ ਜਿਵੇਂ ਕਿ ਰਾਮ, ਅੱਲ੍ਹਾ, ਵਾਹਿਗੁਰੂ, ਗੌਡ ਆਦਿ ਇੱਕ ਹੀ ਹਨ ਅਤੇ ਇੱਕੋ ਹੀ ਰੱਬ ਦੇ ਨਾਮ ਹਨ, ਸਾਰੇ ਧਰਮਾਂ ਦੇ ਪ੍ਰਚਾਰਕ ਰੱਬ ਨੂੰ ਮੰਨਣ ਦੀ ਅਤੇ ਧਰਮ ਦੇ (ਚੰਗੇ) ਕੰਮ ਕਰਨ ਦੀ ਸਿੱਖਿਆ ਦਿੰਦੇ ਹਨ, ਸਾਰੇ ਹੀ ਇਹ ਪ੍ਰਚਾਰ ਕਰਦੇ ਹਨ ਕਿ ਨਸ਼ੇ ਨਾ ਕਰੋ, ਝੂਠ ਨਾ ਬੋਲੋ, ਕਿਸੇ ਦਾ ਹੱਕ ਨਾ ਮਾਰੋ, ਠੱਗੀ ਚੋਰੀ ਨਾ ਕਰੋ, ਮਾਂ ਪਿਉ ਦੀ ਸੇਵਾ ਕਰੋ ਆਦਿ, ਹਰ ਮਨੁੱਖ ਹੀ ਕਿਸੇ ਨਾ ਕਿਸੇ ਧਰਮ ਨੂੰ ਮੰਨਦਾ ਵੀ ਹੈ, ਕੁੱਝ ਗਿਣਤੀ ਦੇ ਲੋਕ ਹੋਣਗੇ ਜੋ ਕਹਿੰਦੇ ਹਨ ਕਿ ਅਸੀਂ ਕਿਸੇ ਰੱਬ ਜਾਂ ਧਰਮ ਨੂੰ ਨਹੀਂ ਮੰਨਦੇ, ਪਰ ਚੰਗੇ ਕੰਮ ਕਰਨ ਦੀ ਉਹ ਵੀ ਹਾਮੀ ਭਰਦੇ ਹਨ, ਫਿਰ ਸਵਾਲ ਪੈਦਾ ਹੁੰਦਾ ਕਿ ਮਾੜੇ ਕੰਮ ਕਰਨ ਵਾਲੇ ਕੌਣ ਹਨ ? ਇਹ ਲੋਕ ਕਿੱਥੋਂ ਆਏ ਹਨ, ਕਿਉਂਕਿ ਮਾੜੇ ਕੰਮ ਕਰਨ ਦੀ ਸਿੱਖਿਆ ਤਾਂ ਕੋਈ ਵੀ ਧਰਮ ਨਹੀਂ ਦੇ ਰਿਹਾ, ਫਿਰ ਇਹ ਵੀ ਮੰਨਣਾ ਪਵੇਗਾ ਕਿ ਮਾੜੇ ਲੋਕ ਵੀ ਸਾਡੇ ਕਹੇ ਜਾਂਦੇ ਧਰਮੀਆਂ ਦੇ ਵਿੱਚੋਂ ਹੀ ਹਨ। ਮੈਨੂੰ ਤਾਂ ਲੱਗਦਾ ਹੈ ਕਿ ਇਹ ਵੱਖੋ ਵੱਖਰੇ ਧਰਮਾਂ ਦੀਆਂ ਕਾਢਾਂ ਸਮੇਂ ਸਮੇਂ ਮਨੁੱਖਾਂ ਵੱਲੋਂ ਹੀ ਕੱਢੀਆਂ ਗਈਆਂ ਹਨ ਅਤੇ ਇਹ ਨਿਕਲੀਆਂ ਵੀ ਇੱਕ ਦੂਜੇ ਦੇ ਵਿਰੋਧ ਦੇ ਵਿੱਚੋਂ ਹੀ ਹਨ, ਜਦੋਂ ਕਿਸੇ ਨੂੰ ਪਹਿਲੇ ਕਿਸੇ ਧਰਮ ਦੀ ਗੱਲ ਚੰਗੀ ਨਾ ਲੱਗੀ ਤਾਂ ਉਸ ਨੇ ਆਪਣਾ ਵੱਖਰਾ ਰਾਹ ਚੁਣ ਲਿਆ, ਹੌਲੀ ਹੌਲੀ ਕੁੱਝ ਲੋਕ ਉਸ ਦੇ ਮਗਰ ਹੋ ਤੁਰੇ, ਉਹਨਾ ਨੇ ਉਸ ਨੂੰ ਆਪਣਾ ਧਰਮ ਗੁਰੂ ਮੰਨ ਲਿਆ, ਜਦੋਂ ਕਿਸੇ ਨੂੰ ਉਸ ਵਿੱਚ ਕੁੱਝ ਘਾਟ ਨਜ਼ਰ ਆਈ ਤਾਂ ਕਿਸੇ ਨੇ ਉਸ ਨੂੰ ਛੱਡ ਕੇ ਆਪਣਾ ਹੋਰ ਵੱਖਰਾ ਮੱਤ ਤੋਰ ਲਿਆ, ਇਸੇ ਤਰ੍ਹਾਂ ਧਰਮਾਂ ਦੀ ਗਿਣਤੀ ਵਿੱਚ ਵਾਧਾ ਹੁੰਦਾ ਗਿਆ। ਜਿਵੇਂ ਕਿ ਸਿੱਖ ਧਰਮ ਦੀ ਹੀ ਉਦਾਰਣ ਲੈ ਲਈਏ, ਤਾਂ ਨਿਰੰਕਾਰੀਏ, ਨਾਮਧਾਰੀਏ, ਬਿਆਸ ਵਾਲੇ ਆਦਿ ਸਾਰੇ ਸਿੱਖਾਂ ਵਿੱਚੋਂ ਹੀ ਵੱਖ ਹੋਏ ਹਨ, ਅੱਗੇ ਬਿਆਸ ਵਾਲਿਆਂ ਵਿੱਚੋਂ ਸਿਰਸੇ ਵਾਲਾ ਵੱਖ ਹੋ ਗਿਆ, ਸਿਰਸੇ ਡੇਰੇ ਵਿੱਚੋਂ ਵੀ ਇੱਕ ਹੋਰ ਬ੍ਰਾਂਚ ਬਣ ਗਈ ਹੈ, ਸਾਰਿਆਂ ਨੇ ਆਪਣੀ ਵੱਖੋ ਵੱਖਰੀ ਮਰਯਾਦਾ ਸ਼ੁਰੂ ਕਰ ਲਈ ਹੈ, ਚਲੋ ਇਹਨਾ ਨੂੰ ਤਾਂ ਅੱਜ ਸਿੱਖਾਂ ਦੇ ਵਿਰੋਧੀ ਮੰਨਿਆਂ ਜਾਂਦਾ ਹੈ, ਇਹਨਾ ਤੋਂ ਇਲਾਵਾ ਸਿੱਖ ਕਹਾਉਣ ਵਾਲਿਆਂ ਦੀਆਂ ਕਿੰਨੀਆਂ ਸੰਸਥਾਵਾਂ ਬਣ ਚੁੱਕੀਆਂ ਹਨ, ਸਾਰਿਆਂ ਦੀਆਂ ਆਪੋ ਆਪਣੀਆਂ ਰਹਿਤ ਮਰਿਯਾਦਾ ਹਨ, ਸਾਰੇ ਆਪਣੇ ਆਪ ਨੂੰ ਸਹੀ ਸਿੱਖ, ਪੰਥਕ ਅਤੇ ਦੂਜੇ ਨੂੰ ਪੰਥ ਦਾ ਵਿਰੋਧੀ ਸਮਝਦੇ ਹਨ, ਬੱਸ ਇਹੀ ਹਾਲ ਹੈ ਸਾਰੇ ਧਰਮਾਂ ਦਾ। ਅਸਲ ਵਿੱਚ ਕਹੇ ਜਾਂਦੇ ਧਰਮਾਂ ਨੇ ਜਿੱਥੇ ਇੱਕ ਰੱਬ ਪੈਦਾ ਕੀਤਾ ਹੈ ਉੱਥੇ ਇੱਕ ਰੱਬ ਦੇ ਪ੍ਰਚਾਰ ਦੇ ਨਾਮ ਹੇਠ ਰੱਬ ਨੂੰ ਵੰਡਣ ਵਾਲੇ ਵੀ ਇਹ ਧਰਮ ਹੀ ਹਨ। ਕਹਿਣ ਨੂੰ ਬੇਸ਼ੱਕ ਸਾਰੇ ਧਰਮ ਇੱਕੋ ਰੱਬ ਦੀ ਗੱਲ ਕਰਦੇ ਹਨ ਅਤੇ ਸਾਰੇ ਹੀ ਲੋਕ ਭਲਾਈ ਦੇ ਕੰਮ ਕਰਨ ਦੀ ਸੇਧ ਦਿੰਦੇ ਹਨ ਪਰ ਇਹਨਾ ਸਾਰਿਆਂ ਦੇ ਆਪੋ ਆਪਣੀ ਮੱਤ ਅਨੁਸਾਰ ਆਪਣੇ ਰੱਬ ਵੱਡੇ ਅਤੇ ਵੱਖਰੇ ਹਨ, ਇਹਨਾ ਦੇ ਆਪੋ ਆਪਣੇ ਰੱਬਾਂ ਨੂੰ ਖੁਸ਼ ਕਰਨ ਦੇ ਧਾਰਮਿਕ ਨਿਯਮ ਵੀ ਵੱਖੋ ਵੱਖ ਹਨ, ਜੇ ਰੱਬ ਇੱਕ ਹੈ ਤਾਂ ਉਸ ਦੀ ਮਰਯਾਦਾ ਵੀ ਇੱਕ ਹੀ ਹੋਣੀ ਚਾਹੀਂਦੀ ਸੀ, ਕਿਸੇ ਧਰਮ ਦੇ ਰੱਬ ਨੂੰ ਕੇਸ (ਵਾਲ਼) ਕੱਟਣ ਤੇ ਕੋਈ ਇਤਰਾਜ ਨਹੀਂ ਹੈ, ਕਿਸੇ ਧਰਮ ਵਿੱਚ ਕੇਸ ਕੱਟਣਾ ਜੁਰਮ ਹੈ, ਅਸਲ ਵਿੱਚ ਇਹ ਸਾਰੇ ਬਾਹਰੋਂ ਬਾਹਰੋਂ ਦੂਜੇ ਧਰਮਾਂ ਦਾ ਸਤਿਕਾਰ ਕਰਨ ਦੀਆਂ ਗੱਲਾਂ ਤਾਂ ਜਰੂਰ ਕਰਦੇ ਹਨ ਪਰ ਅੰਦਰੋਂ ਇੱਕ ਦੂਜੇ ਨੂੰ ਨਫਰਤ ਹੀ ਕਰਦੇ ਹਨ, ਨਫਰਤ ਵੀ ਇੰਨੀ ਹੈ ਕਿ ਇੱਕ ਦੂਜੇ ਨੂੰ ਖਤਮ ਕਰਕੇ ਸਿਰਫ ਆਪਣੇ ਧਰਮ ਨੂੰ ਹੀ ਵੇਖਣਾ ਪਸੰਦ ਕਰਦੇ ਹਨ, ਹਿੰਦੂ ਸੱਭ ਨੂੰ ਹਿੰਦੂ ਬਣਾਉਣਾ ਚਾਹੁੰਦੇ ਹਨ, ਮੁਸਲਿਮ ਸੱਭ ਨੂੰ ਮੁਸਲਿਮ, ਸਿੱਖ ਸੱਭ ਨੂੰ ਸਿੱਖ ਅਤੇ ਇਸਾਈ ਸੱਭ ਨੂੰ ਇਸਾਈ ਬਣਾਉਣਾ ਚਾਹੁੰਦੇ ਹਨ। ਪਰ ਇੰਨਾ ਵਿਰੋਧ ਹੋਣ ਦੇ ਵਾਬਜੂਦ ਇਹਨਾ ਸਾਰਿਆਂ ਦੀ ਇੱਕ ਗੱਲ ਸਾਂਝੀ ਵੀ ਹੈ, ਕਿ ਇਹ ਧਰਮ ਨੂੰ ਨਾ ਮੰਨਣ ਵਾਲਿਆਂ ਨੂੰ ਸੱਭ ਤੋਂ ਵੱਧ ਮਾੜਾ ਮੰਨਦੇ ਹਨ, ਇਸੇ ਲਈ ਇਹ ਇੱਕ ਗੱਲ ਜਰੂਰ ਕਹਿੰਦੇ ਹਨ ਕਿ ਮਨੁੱਖ ਨੂੰ ਧਰਮੀ ਬਣਨਾ ਚਾਹੀਦਾ ਹੈ, ਚਾਹੇ ਤੁਸੀਂ ਕਿਸੇ ਵੀ ਧਰਮ ਨੂੰ ਮੰਨੋ ਪਰ ਮੰਨੋ ਜਰੂਰ, ਇਹ ਨਹੀਂ ਚਾਹੁੰਦੇ ਕਿ ਕੋਈ ਵੀ ਬੰਦਾ ਇਹਨਾ ਦੇ ਰੱਬ ਵਾਲੇ ਠੱਪੇ ਤੋਂ ਵਗੈਰ ਦਿਸੇ। ਇਹ ਵੀ ਕਿਹਾ ਜਾਂਦਾ ਹੈ ਕਿ ਹਿੰਦੂ ਸੱਚਾ ਹਿੰਦੂ ਬਣੇ, ਮੁਸਲਿਮ ਸੱਚਾ ਮੁਸਲਿਮ ਬਣੇ, ਸਿੱਖ ਸੱਚਾ ਸਿੱਖ ਬਣੇ ਜਾਂ ਇਸਾਈ ਸੱਚਾ ਇਸਾਈ ਬਣੇ, ਭਾਵ ਕਿ ਤੁਸੀਂ ਜਿਸ ਵੀ ਧਰਮ ਨੂੰ ਮੰਨਦੇ ਹੋਂ ਉਸ ਨੂੰ ਸੱਚੇ ਮਨੋ ਮੰਨੋ, ਉਸ ਵਿੱਚ ਸ਼ਰਧਾ ਰੱਖੋ, ਉਸ ਦੀਆਂ ਧਾਰਨਾਵਾਂ ਤੇ ਕਿੰਤੂ ਨਾ ਕਰੋ, ਜੋ ਵੀ ਹੈ ਉਸ ਨੂੰ ਸੌ ਪ੍ਰਤੀਸ਼ਤ ਸਹੀ ਮੰਨੋ। ਜਦੋਂ ਰੱਬ ਇੱਕ ਹੈ ਸਾਰੇ ਧਰਮ ਇੱਕੋ ਰੱਬ ਦੀ ਗੱਲ ਕਰ ਰਹੇ ਹਨ, ਫਿਰ ਜਦੋਂ ਕੋਈ ਇੱਕ ਧਰਮ ਨੂੰ ਛੱਡ ਕੇ ਦੂਜੇ ਧਰਮ ਵਿੱਚ ਚਲਿਆ ਜਾਂਦਾ ਹੈ ਤਾਂ ਇਹਨਾ ਧਰਮੀਆਂ ਨੂੰ ਤਕਲੀਫ ਕਿਉਂ ਹੁੰਦੀ ਹੈ? ਫਿਰ ਇਹ ਕਿਉਂ ਨਹੀਂ ਕਹਿੰਦੇ ਕਿ ਕੋਈ ਗੱਲ ਨਹੀਂ ਹੈ ਰੱਬ ਤਾਂ ਇੱਕ ਹੀ ਹੈ ਸਾਰੇ ਧਰਮ ਇੱਕ ਰੱਬ ਦੀ ਹੀ ਸਿੱਖਿਆ ਦਿੰਦੇ ਹਨ, ਜੇ ਕੋਈ ਦੂਜੇ ਪਾਸੇ ਚਲਾ ਗਿਆ ਤਾਂ ਕੀ ਹੋ ਗਿਆ, ਉਹ ਵੀ ਆਪਣਾ ਹੀ ਭਰਾ ਹੈ, ਜਿਵੇਂ ਕਿ ਜੇ ਕੋਈ ਅੰਗਰੇਜ ਜਾਂ ਹਿੰਦੂ ਪਰਿਵਾਰ ਦਾ ਬੰਦਾ ਸਿੱਖ ਬਣ ਜਾਂਦਾ ਹੈ ਫਿਰ ਤਾਂ ਅਸੀਂ (ਸਿੱਖ) ਉਸ ਦੀ ਪ੍ਰਸੰਸਾਂ ਵਿੱਚ ਫੋਟੋਆਂ ਸ਼ੇਅਰ ਕਰਦੇ ਹਾਂ, ਪਰ ਜਦੋਂ ਕੋਈ ਸਿੱਖ ਧਰਮ ਨੂੰ ਛੱਡ ਕਿ ਇਸਾਈ ਬਣਦਾ ਹੈ ਫਿਰ ਹਾਹਾਕਾਰ ਮੱਚ ਜਾਂਦੀ ਹੈ, ਫਿਰ ਉਸ ਨੂੰ ਗਦਾਰ ਜਾਂ ਵਿਕੇ ਹੋਣ ਦਾ ਸਰਟੀਫਿਕੇਟ ਇੱਕ ਮਿੰਟ ਵਿੱਚ ਦੇ ਦਿੰਦੇ ਹਾਂ, ਭਾਰਤ ਵਿੱਚ ਹਿੰਦੂ ਧਰਮ ਦੇ ਲੋਕਾਂ ਵੱਲੋਂ ਮੁਸਲਿਮ ਧਰਮ ਦੇ ਲੋਕਾਂ ਨਾਲ ਹੱਦੋਂ ਵੱਧ ਨਫਰਤ ਕੀਤੀ ਜਾਂਦੀ ਹੈ, (ਇਸੇ ਤਰਾਂ ਪਾਕਿ-ਸਤਨ ਵਿੱਚ ਦੂਜੇ ਧਰਮਾਂ ਦੇ ਲੋਕਾਂ ਨਾਲ ਕੀਤੀ ਜਾਂਦੀ ਹੋਣੀ ਜਾਂ ਕੀਤੀ ਜਾਂਦੀ ਹੈ) ਜੋ ਸ਼ੋਸਲ ਮੀਡੀਆ ਤੇ ਆਮ ਹੀ ਵੇਖਣ ਨੂੰ ਮਿਲ ਜਾਂਦੀ ਹੈ, ਕਿਵੇਂ ਮੁਸਲਿਮ ਕੁੜੀਆਂ ਉੱਤੇ ਰੰਗ ਪਾਏ ਜਾਂਦੇ ਹਨ, ਮੁਸਲਿਮ ਵਿਅਕਤੀਆਂ ਦੀ ਕੁੱਟ ਮਾਰ ਕਰਕੇ ਉਹਨਾ ਤੋਂ ਜੈ ਸ਼੍ਰੀ ਰਾਮ ਦੇ ਨਾਹਰੇ ਲਗਵਾਏ ਜਾਂਦੇ ਹਨ, ਜਦੋਂ ਰੱਬ ਇੱਕ ਹੈ ਫਿਰ ਹਿੰਦੂ ਲੋਕ ਮੁਸਲਮਾਨਾ ਨੂੰ ਇੱਕ ਰੱਬ ਦੇ ਬੱਚੇ ਮੰਨ ਕੇ ਪਿਆਰ ਕਿਉਂ ਨਹੀਂ ਕਰਦੇ? ਇਸਾਈ ਪ੍ਰਚਾਰਕ ਜੋ ਲੋਕਾਂ ਨੂੰ ਧਰਮ ਦੇ ਨਾਮ ਤੇ ਗੁਮਰਾਹ ਕਰਕੇ ਉਹਨਾ ਨੂੰ ਇਸਾਈ ਬਣਾਉਣ ਲੱਗੇ ਹੋਏ ਹਨ, ਅਜਿਹੇ ਧਰਮ ਬਦਲਣ ਵਾਲੇ ਲੋਕਾਂ ਦੀ ਉਹ ਆਰਥਿਕ ਤੌਰ ਤੇ ਸਹਾਇਤਾ ਵੀ ਕਰਦੇ ਹਨ, ਜੇ ਰੱਬ ਅਤੇ ਧਰਮ ਇੱਕ ਹੀ ਹੈ ਫਿਰ ਕਿਸੇ ਦੀ ਸਹਾਇਤਾ ਕਰਨ ਲਈ ਉਸ ਦਾ ਧਰਮ ਬਦਲਾਉਣ ਦੀ ਕੀ ਲੋੜ ਹੈ, ਕਿਸੇ ਵੀ ਲੋੜਬੰਦ ਦੀ ਮੱਦਦ ਉਸ ਦੇ ਹਿੰਦੂ, ਮੁਸਲਿਮ ਜਾਂ ਸਿੱਖ ਹੁੰਦੇ ਹੋਏ ਵੀ ਕੀਤੀ ਜਾ ਸਕਦੀ ਹੈ, ਕਿਉਂਕਿ ਸਾਰੇ ਮਨੁੱਖ ਇੱਕੋ ਰੱਬ ਦੀ ਸੰਤਾਨ ਤਾਂ ਹਨ, ਜਦੋਂ ਅਸੀਂ ਸਾਰੇ ਇੱਕ ਰੱਬ ਦੀ ਸੰਤਾਨ ਹਾਂ ਅਤੇ ਜੇ ਰੱਬ ਇੱਕ ਹੈ ਫਿਰ ਧਰਮ ਤਬਦੀਲੀਆਂ ਦੇ ਝਗੜੇ ਕਿਉਂ ? ਅਸਲ ਵਿੱਚ ਕਹਿਣ ਨੂੰ ਤਾਂ ਭਾਵੇਂ ਕੋਈ ਕੁੱਝ ਵੀ ਕਹੀਂ ਜਾਵੇ ਪਰ ਸਾਰੇ ਆਪੋ ਆਪਣੇ ਧਰਮ (ਫਿਰਕੇ) ਦੇ ਲੋਕਾਂ ਨੂੰ ਚੰਗੇ ਅਤੇ ਵਿਸ਼ੇਸ਼ ਸਮਝਦੇ ਹਨ, ਸਾਰੇ ਹੀ ਕਿਸੇ ਦਾ ਆਪਣੇ ਧਰਮ ਵਿੱਚ ਆਉਣ ਤੇ ਸਵਾਗਤ ਅਤੇ ਛੱਡ ਕੇ ਜਾਣ ਤੇ ਵਿਰੋਧ ਕਰਦੇ ਹਨ, ਇਸ ਤੋਂ ਪਤਾ ਲੱਗਦਾ ਹੈ ਕਿ ਸਾਡੇ ਕਹੇ ਜਾਂਦੇ ਧਰਮੀਆਂ ਦਾ ਰੱਬ ਅਤੇ ਧਰਮ ਇੱਕ ਦੂਜੇ ਦਾ ਵਿਰੋਧੀ ਹੈ। ਇਹ ਕਹੇ ਜਾਂਦੇ ਸਾਰੇ ਧਰਮ (ਫਿਰਕੇ) ਸਿਆਸੀ ਪਾਰਟੀਆਂ ਵਾਂਗ ਹੀ ਹਨ, ਜਿਵੇਂ ਕਿਸੇ ਪਾਰਟੀ ਨੂੰ ਛੱਡ ਕੇ ਜਾਣ ਵਾਲਾ ਛੱਡੀ ਹੋਈ ਪਾਰਟੀ ਲਈ ਗਦਾਰ ਅਤੇ ਜਿਸ ਪਾਰਟੀ ਵਿੱਚ ਜਾਂਦਾ ਹੈ ਉਸ ਲਈ ਉਹ ਹੀਰਾ ਹੁੰਦਾ ਹੈ, ਨਵਾਂ ਧਰਮ ਨਵੀਂ ਪਾਰਟੀ (ਆਮ ਆਦਮੀ ਪਾਰਟੀ) ਵਾਂਗ ਹੁੰਦਾ ਹੈ, ਲੋਕ ਨਵੇਂ ਦੇ ਚਾਅ ਵਿੱਚ ਖਿਚੇ ਆਉਂਦੇ ਹਨ ਪਰ ਉਹ ਵੀ ਪਹਿਲਿਆਂ ਵਰਗਾ ਹੀ ਹੁੰਦਾ ਹੈ, ਇਸੇ ਤਰਾਂ ਨਵੇਂ ਧਰਮਾਂ (ਡੇਰਿਆਂ) ਵੱਲ ਲੋਕ ਖਿਚੇ ਤਾਂ ਆਉਂਦੇ ਹਨ ਪਰ ਉਹ ਵੀ ਪਹਿਲਿਆਂ ਵਿੱਚੋਂ ਆਇਆ ਹੋਣ ਕਾਰਨ ਉਹਨਾ ਵਰਗਾ ਹੀ ਹੁੰਦਾ ਹੈ, ਲੋਕਾਂ ਦੇ ਪੱਲੇ ਫਿਰ ਨਿਰਾਸ਼ਾ ਹੀ ਪੈਂਦੀ ਹੈ, ਪਰ ਸਾਡੇ ਅੰਧਵਿਸ਼ਵਾਸੀ ਹੋਣ ਦਾ ਫਾਇਦਾ ਉਠਾ ਕੇ ਉਹ ਸਥਾਪਤ ਹੋ ਜਾਂਦੇ ਹਨ। ਸਿੱਖ ਮੱਤ ਦੇ ਡੇਰਿਆਂ ਵਿੱਚੋਂ ਸਿੱਖਿਆ ਲੈ ਕੇ ਧਰਮੀ ਸਿੱਖ ਬਣੇ ਅਤੇ ਸਿੱਖ ਮੱਤ ਦੇ ਡੇਰਿਆਂ ਦੇ ਹੀ ਵਿਰੋਧ ਦਾ ਸ਼ਿਕਾਰ ਹੋਏ ਭਾਈ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਦੇ ਬਦਲੇ ਵਿਚਾਰਾਂ ਤੋਂ ਲੱਗਦਾ ਸੀ ਕਿ ਭਾਈ ਸਾਹਿਬ ਲੋਕਾਂ ਨੂੰ ਧਾਰਮਿਕ ਪਖੰਡਾਂ ਵਿੱਚੋਂ ਬਾਹਰ ਕੱਢਣ ਲਈ ਕੁੱਝ ਨਵਾਂ ਕਰਨਗੇ ਪਰ ਉਹ ਵੀ ਹੁਣ ਇਸਾਈ ਪ੍ਰਚਾਰਕਾਂ ਵੱਲੋਂ ਕਰਵਾਏ ਜਾ ਰਹੇ ਧਰਮ ਪਰਿਵਰਤਨ ਨੂੰ ਰੋਕ ਕੇ ਲੋਕਾਂ ਨੂੰ ਮੁੜ ਸਿੱਖ ਧਰਮ ਨਾਲ ਜੋੜਨ ਲਈ ਪ੍ਰਚਾਰ ਕਰਨਗੇ, ਭਾਵ ਕਿ ਲੋਕਾਂ ਨੂੰ ਸਿੱਖ ਧਰਮ ਵਾਲੇ ਰੱਬ ਨਾਲ ਜੋੜ ਕੇ ਧਰਮੀ ਬਣੇ ਰਹਿਣ ਲਈ ਪ੍ਰੇਰਣਾ ਦੇਣਗੇ, ਇਸ ਲਈ ਇੱਥੋਂ ਵੀ ਓਹੀ ਆਮ ਆਦਮੀ ਪਾਰਟੀ ਦੇ ਬਦਲਾਅ ਵਾਲੀ ਗੱਲ ਹੀ ਨਿਕਲੀ, ਕਿੰਨਾ ਚੰਗਾ ਹੁੰਦਾ ਜੇ ਭਾਈ ਸਾਹਿਬ ਮਨੁੱਖ ਦੇ ਮੋਢਿਆਂ ਤੋਂ ਧਰਮ ਦਾ ਭਾਰ ਬਦਲਣ ਦੀ ਥਾਂ ਮੋਢਿਆਂ ਨੂੰ ਧਰਮਾਂ ਦੇ ਭਾਰ ਤੋਂ ਮੁਕਤ ਕਰ ਕੇ ਮਨੁੱਖ ਨੂੰ ਠੱਪਿਆਂ ਵਾਲੇ ਧਰਮ ਤੋਂ ਮੁਕਤ ਕਰਕੇ ਸਿਰਫ ਮਨੁੱਖ ਬਣਨ ਦੀ ਪ੍ਰੇਰਨਾ ਦਿੰਦੇ, ਪਰ ਕੁੱਝ ਨਹੀਂ ਹੋਇਆ। ਮੈਨੂੰ ਤਾਂ ਇਹੀ ਲੱਗਦਾ ਹੈ ਕਿ ਬੰਦੇ ਨੂੰ ਕੁੱਝ ਵੀ ਬਣਨ ਦੀ ਲੋੜ ਨਹੀਂ ਹੈ, ਬੰਦੇ ਨੂੰ ਸਿਰਫ ਬੰਦਾ ਬਣ ਕੇ ਹੀ ਰਹਿਣਾ ਚਾਹੀਦਾ ਹੈ, ਜੇ ਅਸੀਂ ਸਾਰੇ ਧਰਮਾਂ ਨੂੰ ਤਿਆਗ ਕੇ ਸਿਰਫ ਬੰਦੇ (ਮਨੁੱਖ) ਬਣ ਜਾਈਏ ਤਾਂ ਸਾਡੇ ਵਿੱਚੋਂ ਧਾਰਮਿਕ ਵਖਰੇਵਿਆਂ ਵਾਲੀ ਨਫਰਤ ਖਤਮ ਹੋ ਸਕਦੀ ਹੈ। ਅਸੀਂ ਸਾਰੇ ਮਨੁੱਖ ਹੋ ਕੇ ਮਨੁੱਖਤਾ ਨੂੰ ਪਿਆਰ ਕਰੀਏ, ਅਸੀਂ ਸਾਰੇ ਬੰਦੇ ਇੱਕੋ ਜਿਹੇ ਹੀ ਹਾਂ, ਸਾਡੇ ਸਾਰਿਆਂ ਦੀਆਂ ਸਰੀਰਕ ਲੋੜਾਂ ਵੀ ਇੱਕ ਹੀ ਹਨ, ਸਾਰਿਆਂ ਦੇ ਦੁੱਖ ਸੁੱਖ ਵੀ ਇੱਕੋ ਜਿਹੇ ਹਨ, ਫਿਰ ਸਾਨੂੰ ਵੱਖੋ ਵੱਖਰੇ ਧਰਮ ਦੇ ਠੱਪਿਆਂ ਦੀ ਕੀ ਲੋੜ ਹੈ। ਪਰ ਪਤਾ ਨਹੀਂ ਅਸੀਂ ਬੰਦੇ (ਮਨੁੱਖ) ਹੋਣ ਤੇ ਸੰਤੁਸਟ ਕਿਉਂ ਨਹੀਂ ਹਾਂ, ਅਸੀਂ ਬੰਦੇ ਤੋਂ ਵੱਖਰਾ ਹੋਰ ਕੁੱਝ ਕਿਉਂ ਬਣਨਾ ਚਾਹੁੰਦੇ ਹਾਂ ਜਿਵੇਂ ਕਿ ਹਿੰਦੂ, ਮੁਸਲਿਮ, ਸਿੱਖ ਜਾਂ ਇਸਾਈ ਆਦਿ, ਅਸਲ ਵਿੱਚ ਕਿਸੇ ਵੀ ਧਰਮ ਦਾ ਆਸਰਾ ਲੈਣਾ ਜਿੱਥੇ ਆਮ ਮਨੁੱਖ ਦੀ ਮਾਨਸਿਕ ਕਮਜੋਰੀ ਹੈ, ਉੱਥੇ ਧਾਰਮਿਕ ਆਗੂਆਂ ਦਾ ਧਰਮ ਅਪਣਾ ਧੰਦਾ ਹੈ, ਧਰਮ ਦੇ ਪਰਦੇ ਹੇਠ ਬਹੁਤ ਗੁਨਾਹ ਛੁੱਪ ਜਾਂਦੇ ਹਨ, ਧਰਮ ਦੇ ਨਾਮ ਤੇ ਕੀਤੇ ਕਤਲ ਵੀ ਧਾਰਮਿਕ ਕਾਰਜ (ਸੇਵਾ) ਹੋ ਜਾਂਦੇ ਹਨ। ਕੀ ਕਿਸੇ ਬੰਦੇ ਦੇ ਹਿੰਦੂ ਮੁਸਲਿਮ ਸਿੱਖ ਜਾਂ ਇਸਾਈ ਬਣਨ ਨਾਲ ਉਸ ਦੀ ਕੋਈ ਬਿਮਾਰੀ ਠੀਕ ਹੋ ਜਾਂਦੀ ਹੈ ? ਜਾਂ ਉਹ ਕੁੱਝ ਖਾਣ ਪੀਣ ਤੋਂ ਵਗੈਰ ਜਿਉਂਦਾ ਰਹਿ ਸਕਦਾ ਹੈ ? ਜਾਂ ਕੋਈ ਐਸੀ ਦਵਾਈ ਹੋਵੇ ਜੋ ਵੱਖ ਵੱਖ ਧਰਮ ਵਾਲਿਆਂ ਤੇ ਵੱਖਰਾ ਵੱਖਰਾ ਅਸਰ ਕਰਦੀ ਹੋਵੇ, ਜਾਂ ਕਿਸੇ ਧਰਮ ਵਾਲੇ ਨੂੰ ਪਾਣੀ ਡੋਬਦਾ ਨਾ ਹੋਵੇ ਜਾਂ ਕਿਸੇ ਨੂੰ ਅੱਗ ਸਾੜਦੀ ਨਾ ਹੋਵੇ, ਜਾਂ ਕੋਈ ਆਕਸੀਜਨ ਤੋਂ ਵਗੈਰ ਵੀ ਸਾਂਹ ਲੈ ਸਕਦਾ ਹੋਵੇ, ਫਿਰ ਜਦੋਂ ਸਾਡੇ ਸਾਰਿਆਂ ਦੇ ਸਰੀਰਾਂ ਦੀ ਲੋੜ ਇੱਕੋ ਜਿਹੀ ਹੈ ਫਿਰ ਸਾਨੂੰ ਵੱਖੋ ਵੱਖਰੇ ਧਰਮਾਂ ਦੀ ਕੀ ਲੋੜ ਹੈ, ਨਾਲੇ ਸਾਰੇ ਧਰਮ ਇਹ ਵੀ ਕਹਿੰਦੇ ਹਨ ਕਿ ਬੰਦੇ ਨੂੰ ਚੰਗੇ ਕੰਮ ਕਰਨੇ ਚਾਹੀਦੇ ਹਨ, ਕਿਸੇ ਵੀ ਧਰਮੀ ਨੂੰ ਉਹ ਸਾਰੇ ਚੰਗੇ ਕੰਮ ਕਰਨੇ ਜਰੂਰੀ ਹਨ ਜੋ ਹਰ ਇੱਕ ਬੰਦੇ ਲਈ ਜਰੂਰੀ ਹਨ, ਜੇ ਉਹ ਧਰਮੀ ਬਣ ਕੇ ਚੰਗੇ ਕਰਮ ਨਹੀਂ ਕਰਦਾ ਫਿਰ ਉਹ ਧਰਮੀ ਵੀ ਨਹੀਂ ਬਣ ਸਕਦਾ, ਜਾਂ ਕਹਿ ਲਓ ਕਿ ਧਰਮ ਵੀ ਉਸ ਨੂੰ ਪਾਰ ਨਹੀਂ ਲੰਘਾ ਸਕਦਾ, ਜਦੋਂ ਚੰਗੇ ਕਰਮਾਂ (ਕੰਮਾਂ) ਨਾਲ ਹੀ ਧਰਮੀ ਬਣਿਆ ਜਾ ਸਕਦਾ ਹੈ ਜਾਂ ਚੰਗੇ ਕੰਮਾਂ ਨੇ ਹੀ ਪਾਰ ਲੰਘਾਉਣਾ ਹੈ, ਕਿਉਂਕਿ ਮਾੜੇ ਕੰਮ ਕਰਨ ਵਾਲੇ ਨੂੰ ਤਾਂ ਕੋਈ ਵੀ ਧਰਮ ਪਾਰ ਨਹੀਂ ਲੰਘਾ ਸਕਦਾ, ਜਦੋਂ ਚੰਗੇ ਕੰਮਾਂ ਨੇ ਹੀ ਚੰਗਾ ਬਣਾਉਣਾ ਹੈ ਫਿਰ ਕਿਉਂ ਨਾ ਬੰਦਾ ਬਣਕੇ ਹੀ ਚੰਗੇ ਕੰਮ ਕੀਤੇ ਜਾਣ, ਕਿਸੇ ਧਰਮ ਦਾ ਠੱਪਾ ਲਵਾਉਣ ਦੀ ਕੀ ਲੋੜ ਹੈ, ਬੰਦੇ ਹੋਂ ਬੰਦੇ ਬਣ ਕੇ ਰਹੋ।



**ਹਰਲਾਜ ਸਿੰਘ ਬਹਾਦਰਪੁਰ**
ਪਿੰਡ ਤੇ ਡਾਕ : ਬਹਾਦਰ-ਪੁਰ
ਤਹਿ: ਬੁਢਲਾਡਾ, ਜਿਲ੍ਹਾ ਮਾਨਸਾ (ਪੰਜਾਬ)
ਪਿੰਨਕੋਡ-151501
ਮੋਬਾਇਲ-94170-23911
harlajsingh7@gmail.com

# ਸਾਡੇ ਅਨੁਵਾਦਕਾਂ ਨੇ ਹੀ ਪੰਜਾਬੀ ਭਾਸ਼ਾ ਦਾ ਭੱਠਾ ਬਿਠਾਇਆ

ਕਾਨੂੰਨ ਦੀ ਵਿਵਸਥਾ ਹੈ ਕੀ ਪੰਜਾਬ ਸਰਕਾਰ ਵੱਲੋਂ ਬਣਾਏ ਜਾਂਦੇ ਸਾਰੇ ਕਾਨੂੰਨਾਂ ਦਾ ਅੰਗਰੇਜ਼ੀ ਦੇ ਨਾਲ ਨਾਲ ਪੰਜਾਬੀ ਪਾਠ ਵੀ ਸਰਕਾਰੀ ਗਜ਼ਟ ਵਿੱਚ ਛਾਪਿਆ ਜਾਵੇਗਾ।

ਪੰਜਾਬ ਸਰਕਾਰ ਵੱਲੋਂ ਕਾਨੂੰਨ ਦੀ ਇਸ ਵਿਵਸਥਾ ਦੀ ਬਹੁਤ ਘੱਟ ਪਾਲਣਾ ਕੀਤੀ ਜਾਂਦੀ ਹੈ। ਇਥੋਂ ਤੱਕ ਕਿ ਪੰਜਾਬੀ ਨੂੰ ਲਾਗੂ ਕਰਨ ਵਾਲੇ ਰਾਜ ਭਾਸ਼ਾ ਐਕਟ 1967 ਦਾ ਅਧਿਕਾਰਤ ਪੰਜਾਬੀ ਅਨੁਵਾਦ ਵੀ ਅੱਜ ਤੱਕ ਪੰਜਾਬ ਸਰਕਾਰ ਵੱਲੋਂ ਸਰਕਾਰੀ ਗਜ਼ਟ ਵਿੱਚ ਨਹੀਂ ਛਾਪਿਆ ਗਿਆ।

--- ਇਹ ਪਹਿਲੀ ਵਾਰ ਸੀ ਜਦੋਂ ਪੰਜਾਬ ਰਾਜ ਭਾਸ਼ਾ (ਸੋਧ) ਐਕਟ 2008 ਦਾ ਪੰਜਾਬੀ ਅਤੇ ਅੰਗਰੇਜ਼ੀ ਪਾਠ ਪੰਜਾਬ ਸਰਕਾਰ ਦੇ ਗਜ਼ਟ ਵਿੱਚ, ਇੱਕੋ ਸਮੇਂ ਛਪੇ। ਇਸ ਸੋਧ ਐਕਟ ਦੀ ਧਾਰਾ 3-ਭ ਰਾਹੀਂ ਵਿਵਸਥਾ ਕੀਤੀ ਗਈ ਹੈ ਕਿ ਪੰਜਾਬ ਸਰਕਾਰ ਦਾ ਦਫ਼ਤਰੀ ਕੰਮਕਾਜ ਪੰਜਾਬੀ ਭਾਸ਼ਾ ਵਿੱਚ ਕੀਤਾ ਜਾਵੇਗਾ। ਇਸ ਸੋਧ ਕਾਨੂੰਨ ਦੇ ਅੰਗਰੇਜ਼ੀ ਪਾਠ ਵਿੱਚ ਲਿਖਿਆ ਗਿਆ ਹੈ ਕਿ ਦਫ਼ਤਰੀ ਚਿੱਠੀ ਪੱਤਰ ਪੰਜਾਬੀ ਵਿੱਚ ਕੀਤਾ ਜਾਵੇਗਾ। ਇੰਝ ਕਾਨੂੰਨ ਦੇ ਪੰਜਾਬੀ ਅਤੇ ਅੰਗਰੇਜ਼ੀ ਪਾਠ ਵਿੱਚ ਜ਼ਮੀਨ ਅਸਮਾਨ ਦਾ ਫਰਕ ਹੈ। ਪੰਜਾਬੀ ਪਾਠ ਕਹਿੰਦਾ ਹੈ ਕਿ ਪੰਜਾਬ ਸਰਕਾਰ ਦਾ ਦਫ਼ਤਰੀ ਕੰਮਕਾਜ ਪੰਜਾਬੀ ਵਿੱਚ ਕੀਤਾ ਜਾਵੇਗਾ। ਦਫਤਰੀ ਕੰਮਕਾਜ ਦੀ ਪਰਿਭਾਸ਼ਾ ਬਹੁਤ ਵਸੀਹ ਹੈ। ਦੂਜੇ ਪਾਸੇ ਅੰਗਰੇਜ਼ੀ ਪਾਠ ਕਹਿੰਦਾ ਹੈ ਕਿ ਕੇਵਲ ਦਫ਼ਤਰੀ ਚਿੱਠੀ ਪੱਤਰ ਹੀ ਪੰਜਾਬੀ ਵਿੱਚ ਹੋਵੇਗਾ।

ਸਾਡੀ ਕਾਨੂੰਨੀ ਟੀਮ ਵੱਲੋਂ, ਜਦੋਂ ਪੰਜਾਬ ਸਰਕਾਰ ਵੱਲੋਂ ਆਪਣਾ ਦਫ਼ਤਰੀ ਕੰਮਕਾਜ ਪੰਜਾਬੀ ਵਿੱਚ ਨਾ ਕੀਤੇ ਜਾਣ ਦਾ ਕੋਈ ਮਸਲਾ ਅਦਾਲਤ ਵਿੱਚ ਉਠਾਇਆ ਜਾਂਦਾ ਹੈ ਤਾਂ ਉੱਥੇ ਕਾਨੂੰਨ ਦੇ ਅੰਗਰੇਜ਼ੀ ਪਾਠ ਦੇ ਅਧਾਰ ਤੇ ਹੀ ਫੈਸਲੇ ਹੁੰਦੇ ਹਨ।

ਪੰਜਾਬੀ ਪਾਠ ਨੂੰ ਮਹੱਤਤਾ ਨਹੀਂ ਦਿੱਤੀ ਜਾਂਦੀ।

ਅੰਗਰੇਜ਼ੀ ਪਾਠ ਦੇ ਅਧਾਰ ਤੇ ਮੁਕਦਮੇ ਦਾ ਫੈਸਲਾ ਕਰਦੇ ਸਮੇਂ ਅਦਾਲਤ ਕਹਿੰਦੀ ਹੈ ਕਿ ਕਾਨੂੰਨ ਅਨੁਸਾਰ ਕੇਵਲ ਦਫ਼ਤਰੀ ਚਿੱਠੀ ਪੱਤਰ ਹੀ ਪੰਜਾਬੀ ਵਿੱਚ ਹੋਣਾ ਜਰੂਰੀ ਹੈ ਨਾ ਕਿ ਸਾਰਾ ਦਫ਼ਤਰੀ ਕੰਮਕਾਜ।

-- ਇੰਝ ਇੱਕ ਘਟੀਆ ਅਨੁਵਾਦ ਕਾਰਨ ਅਸੀਂ ਜਿੱਤੀ ਬਾਜ਼ੀ ਹਾਰ ਰਹੇ ਹਾਂ।

ਹਵਾਲੇ:

ਅੰਗਰੇਜ਼ੀ ਪਾਠ ਵਿੱਚ ਧਾਰਾ 3-ਬੀ

Seciton 3-B :"… In all



**ਮਿੱਤਰ ਸੈਨ ਮੀਤ**

ofifces of the State Government pubilc sector undertaikng boards and local boides and ofifces of the schools colleges and uinverisites of the State Government, all ofifical correspondence shall be madei n Punjab"

ਪੰਜਾਬੀ ਪਾਠ ਵਿੱਚ ਧਾਰਾ 3-ਬੀ Seciton 3-B "... ਪੰਜਾਬ ਸਰਕਾਰ ਦੇ ਸਾਰੇ ਦਫਤਰਾਂ, ਸਰਕਾਰੀ ਖੇਤਰ ਦੇ ਅਦਾਰਿਆਂ, ਬੋਰਡਾਂ ਅਤੇ ਲੋਕਲ ਬਾਡੀਜ਼ ਅਤੇ ਰਾਜ ਦੇ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਦਫਤਰਾਂ ਵਿਚ ਸਾਰਾ ਕੰਮ ਕਾਜ ਪੰਜਾਬੀ ਵਿਚ ਕੀਤਾ ਜਾਵੇਗਾ।

# ਅਧਿਆਪਕ ਦੇ ਸਤਿਕਾਰ ਅਤੇ ਫਰਜ਼ਾਂ ਦੀ ਪ੍ਰਤੀਕ ਹੈ ਚਿੱਠੀ ਲਿੰਕਨ ਦੀ

ਹਰੇਕ ਵਿਅਕਤੀ ਜਿੰਦਗੀ ਵਿੱਚ ਜੋ ਕੁੱਝ ਸੋਚਦਾ ਹੈ, ਉਸਨੂੰ ਹੀ ਲਾਗੂ ਕਰਨਾ ਲੋਚਦਾ ਹੈ। ਪਰ ਜਿਸ ਵਿਅਕਤੀ ਵਿੱਚ ਸਖਤ ਮਿਹਨਤ, ਇਮਾਨਦਾਰੀ, ਪੱਕਾ ਇਰਾਦਾ ਅਤੇ ਇਨਸਾਨੀਅਤ ਆਦਿ ਗੁਣ ਹੁੰਦੇ ਹਨ, ਉਹ ਆਪਣੇ ਵਿਚਾਰਾਂ ਨੂੰ ਹਕੀਕਤ ਵਿੱਚ ਬਦਲ ਦਿੰਦਾ ਹੈ। ਉਸ ਵਿਅਕਤੀ ਦੇ ਇਹ ਵਿਚਾਰ ਇਤਿਹਾਸ ਦੇ ਸੁਨਹਿਰੀ ਪੰਨੇ ਬਣਕੇ ਭਵਿੱਖ ਵਿੱਚ ਲੋਕਾਂ ਲਈ ਮਾਰਗ ਦਰਸਨ ਬਣਦੇ ਹਨ।

ਜੇਕਰ ਸੰਸਾਰ ਪੱਧਰ ਤੇ ਅਜਿਹੇ ਵਿਅਕਤੀਆਂ ਦੀ ਇਤਿਹਾਸਕ ਸੂਚੀ ਤੇ ਨਜਰ ਮਾਰੀਏ, ਤਾਂ 12 ਫਰਵਰੀ 1809 ਨੂੰ ਅਮਰੀਕਾ ਦੇ ਬਹੁਤ ਹੀ ਗਰੀਬ ਪਰਿਵਾਰ ਵਿੱਚ ਜਨਮੇ ਸ੍ਰੀ ਇਬਰਾਹਿਮ ਲਿੰਕਨ ਦਾ ਨਾਂ ਪਹਿਲੀ ਕਤਾਰ ਦੇ ਵਿਅਕਤੀਆਂ ਵਿੱਚ ਆਉਂਦਾ ਹੈ। ਬਚਪਨ ਵਿੱਚ ਕੁੱਝ ਅਹਿਮ ਘਟਨਾਵਾਂ ਜਿਵੇਂ ਕਿ ਅਫ਼ਰੀਕੀ ਮੂਲ ਦੇ ਕਾਲੇ ਲੋਕਾਂ ਨੂੰ ਗੁਲਾਮ ਬਣਾ ਕੇ ਉਹਨਾਂ ਉਤੇ ਹੁੰਦੇ ਜ਼ੁਲਮ ਵੇਖ ਕੇ ਬਹੁਤ ਪ੍ਰਭਾਵਿਤ ਹੋਏ ਤੇ ਸ੍ਰੀ ਲਿੰਕਨ ਉਪਰੋਕਤ ਗੁਣਾ ਦੇ ਪੱਕੇ ਧਾਰਨੀ ਬਣੇ। ਇਹਨਾਂ ਗੁਣਾ ਦੀ ਬਦੌਲਤ ਹੀ ਉਹ ਅਮਰੀਕਾ ਦੇ 16ਵੇਂ ਰਾਸ਼ਟਰਪਤੀ ਦੇ ਅਹੁਦੇ ਤੇ ਪਹੁੰਚੇ। ਉਹ 6 ਮਾਰਚ 1861 ਤੋਂ 15 ਅਪ੍ਰੈਲ 1865 ਤੱਕ ਅਮਰੀਕਾ ਦੇ ਰਾਸ਼ਟਰਪਤੀ ਰਹੇ। ਉਹਨਾਂ ਨੇ ਲਗਭਗ ਚਾਰ ਸਾਲ ਘਰੇਲੂ ਜੰਗ ਦਾ ਸਾਹਮਣਾ ਕਰਕੇ ਗੁਲਾਮੀ ਪ੍ਰਥਾ ਖਤਮ ਕੀਤੀ ਅਤੇ ਅਮਰੀਕਾ ਨੂੰ ਇਕੱਠਾ ਰੱਖਣ ਦਾ ਇਤਿਹਾਸ ਸਿਰਜਿਆ।

ਸ੍ਰੀ ਇਬਰਾਹਿਮ ਲਿੰਕਨ ਨੇ ਆਪਣੇ ਪੁੱਤਰ ਹੌਟਬ ਟੈਡ ਲਿੰਕਨ ਦੇ ਸਕੂਲ ਸ਼ੁਰੂ ਕਰਨ ਸਮੇਂ ਉਸਨੂੰ ਜਿੰਦਗੀ ਦੀਆਂ ਕੁੱਝ ਮਹੱਤਵਪੂਰਨ ਗੱਲਾ ਸਿਖਾਉਣ ਲਈ. ਉਸਦੇ ਅਧਿਆਪਕ ਨੂੰ ਬਹੁਤ ਹੀ ਸਤਿਕਾਰ ਸਹਿਤ ਸੰਬੋਧਨ ਕਰਕੇ ਇੱਕ ਚਿੱਠੀ ਲਿਖੀ ਸੀ। ਇਸ ਚਿੱਠੀ ਵਿੱਚ ਦਰਜ ਪ੍ਰਮੁੱਖ ਵਿਚਾਰਾਂ ਦਾ ਭਾਵ ਅਰਥ ਸੰਖੇਪ ਵੇਰਵਾ ਹੇਠ ਲਿਖੇ ਅਨੁਸਾਰ ਹੈ-"ਪਿਆਰੇ ਅਧਿਆਪਕ ਜੀ. ਸਿੱਖਿਆ ਇੱਕ ਸਾਹਸੀ ਕਾਰਜ ਹੈ ਜਿਹੜਾ ਉਸਦੇ ਪੁੱਤਰ ਨੂੰ ਮਹਾਂਦੀਪਾਂ ਤੋਂ ਪਾਰ ਲਿਜਾ ਸਕਦਾ ਹੈ। ਇਸ ਸਾਹਸ ਵਿੱਚ ਯੁੱਧ, ਦੁਖਾਂਤ ਅਤੇ ਦੁੱਖ ਸ਼ਾਮਿਲ ਹੋਣ ਕਾਰਨ, ਵਿਸ਼ਵਾਸ, ਪਿਆਰ ਅਤੇ ਹਿੰਮਤ ਦੀ ਲੋੜ ਹੋਵੇਗੀ। ਤੁਸੀ ਮੇਰੇ ਪੁੱਤਰ ਨਾਲ ਨਰਮੀ ਨਾਲ ਪੇਸ਼ ਆਉਣਾ, ਪਰ ਉਸਨੂੰ ਲਾਡ ਬਿਲਕੁੱਲ ਨਹੀਂ ਲਡਾਉਣਾ ਕਿਉਂਕਿ ਮਜ਼ਬੂਤ ਸਟੀਲ ਕੇਵਲ ਅਗਨੀ




ਸ੍ਰੀ ਇਬਰਾਹਿਮ ਲਿੰਕਨ
ਸਾਬਕਾ ਰਾਸ਼ਟਰਪਤੀ ਅਮਰੀਕਾ

ਪ੍ਰੀਖਿਆ ਰਾਹੀ ਹੀ ਬਣਦੀ ਹੈ। ਉਸਨੂੰ ਕਿਤਾਬਾਂ ਦੀ ਮਹਾਨਤਾ ਬਾਰੇ ਸਿਖਾਓ ਅਤੇ ਸਮਝਾਉਣਾ ਕਿ ਸਕੂਲ ਵਿੱਚ ਨਕਲ ਮਾਰਕੇ ਪਾਸ ਹੋਣ ਨਾਲੋਂ ਫ਼ੇਲ ਹੋਣਾ ਵੱਧ ਮਾਣਯੋਗ ਹੈ। ਮੇਰੇ ਪੁੱਤਰ ਵਿੱਚ ਅਜਿਹੀ ਤਾਕਤ ਭਰਨ ਦੀ ਕੋਸਿਸ ਕਰਨੀ ਕਿ ਉਹ ਕਦੇ ਵੀ ਕਿਸੇ ਭੀੜ ਮਗਰ ਨਾ ਲੱਗੇ, ਉਹ ਸਭ ਦੀ ਗੱਲ ਸੁਣੇ, ਸੱਚ ਦੀ ਕਸੌਟੀ 'ਤੇ ਪਰਖੇ ਅਤੇ ਸਹੀ ਗੱਲ ਹੀ ਸਵੀਕਾਰ ਕਰੇ।

ਉਸਨੂੰ ਹਮੇਸ਼ਾ ਖੁਦ 'ਤੇ ਗੌਰਵਮਈ ਵਿਸ਼ਵਾਸ ਰੱਖਣਾ ਸਿਖਾਓ ਤਾਂ ਜੋ ਉਸਦਾ ਮਾਨ-ਵਤਾ ਵਿੱਚ ਡੂੰਘਾ ਵਿਸਵਾਸ ਹੋ ਸਕੇ। ਉਸਨੂੰ ਆਪਣੀ ਤਾਕਤ ਅਤੇ ਬੁੱਧੀ ਨੂੰ ਸਭ ਤੋਂ ਵੱਧ ਕੀਮਤ ਵਾਲੇ ਨੂੰ ਵੇਚਣਾ ਸਿਖਾਓ, ਪਰ ਆਪਣੇ ਜਜਬਿਆਂ ਅਤੇ ਆਤਮਾ ਦਾ ਕਦੇ ਮੁੱਲ ਨਾ ਪਾਉਣਾ ਵੀ ਸਿਖਾਓ। ਉਸਨੂੰ ਸਿਖਉਣਾ ਕਿ ਕਮਾਈ ਕੀਤੇ 10 ਸੈਂਟ ਲੱਭੇ ਹੋਏ ਇੱਕ ਡਾਲਰ ਨਾਲ ਕੀਤੇ ਜਿਆਦਾ ਕੀਮਤੀ ਹਨ। ਉਸਨੂੰ ਹਮੇਸ਼ਾਂ ਖੁਦ 'ਤੇ ਗੌਰਵਮਈ ਵਿਸ਼ਵਾਸ ਰੱਖਣਾ ਸਿਖਾਓ ਤਾਂ ਜੋ ਉਸਦਾ ਮਾਨ-ਵਤਾ ਵਿੱਚ ਡੂੰਘਾ ਵਿਸਵਾਸ ਹੋ ਸਕੇ। ਉਸਨੂੰ ਆਪਣੀ ਤਾਕਤ ਅਤੇ ਬੁੱਧੀ ਨੂੰ ਸਭ ਤੋਂ ਵੱਧ ਕੀਮਤ ਵਾਲੇ ਨੂੰ ਵੇਚਣਾ ਸਿਖਾਓ, ਪਰ ਆਪਣੇ ਜਜਬਿਆਂ ਅਤੇ ਆਤਮਾ ਦਾ ਕਦੇ ਮੁੱਲ ਨਾ ਪਾਉਣਾ ਵੀ ਸਿਖਾਓ। ਉਸਨੂੰ ਸਿਖਉਣਾ ਕਿ ਕਮਾਈ ਕੀਤੇ 10 ਸੈਂਟ ਲੱਭੇ ਹੋਏ ਇੱਕ ਡਾਲਰ ਨਾਲੋਂ ਕੀਤੇ ਜਿਆਦਾ ਕੀਮਤੀ ਹਨ। ਉਸਨੂੰ ਜਿੱਤ ਦਾ ਆਨੰਦ ਮਾਨਣਾਂ ਅਤੇ ਹਾਰ ਨੂੰ ਸਵੀਕਾਰ ਕਰਨਾ ਸਿਖਾਓ। ਉਸਨੂੰ ਉਦਾਸ ਪਲਾਂ ਵਿੱਚ ਹੱਸਣਾ ਸਿਖਾਓ। ਉਸਨੂੰ ਸਾਊ ਵਿਅਕਤੀਆਂ ਨਾਲ ਸਾਊ ਹੋਣਾ ਅਤੇ ਕਠੋਰ ਵਿਅਕਤੀਆਂ ਨਾਲ ਕਠੋਰ ਹੋਣਾ ਸਿਖਾਓ। ਉਸਨੂੰ ਸਨਕੀ ਲੋਕਾਂ ਦਾ ਮਜਾਕ ਉਡਾਉਣਾ ਸਿਖਉਣਾ, ਪਰ ਖੁਦ ਨੂੰ ਮੀਆਂ ਮਿੱਠੂ ਹੋਣ ਤੋਂ ਵਰਜ ਕੇ ਰੱਖਣਾ। ਉਸਨੂੰ ਵੰਗਾਰਾ ਕਬੂਲਣ ਲਈ ਬੇਸਬਰ ਹੋਣ ਦੇਣਾ, ਪਰ ਦਲੇਰ ਬਣਨ ਲਈ ਸਬਰ ਰੱਖਣਾ ਸਿਖਾਉਣਾ।

ਪਿਆਰੇ ਅਧਿਆਪਕ ਜੀ, ਇਹ ਇੱਕ ਬਹੁਤ ਵੱਡਾ ਕਾਰਜ ਹੈ, ਪਰ ਤੁਸੀਂ ਹੀ ਵੇਖਣਾ ਹੈ ਕਿ ਇਸਨੂੰ ਵਧੀਆ ਢੰਗ ਨਾਲ ਕਿਵੇਂ ਕਰ ਸਕਦੇ ਹੋ। ਪਰ ਉਸਨੂੰ ਕੁੱਝ ਵਿਹਲਾ ਸਮਾਂ ਵੀ ਜਰੂਰ ਦੇਣਾ ਤਾਂ ਜੋ ਆਕਾਸ਼ ਵਿੱਚ ਉਡਦੇ ਪੰਛੀਆਂ, ਸੂਰਜ ਦੀ ਧੁੱਪ ਵਿੱਚ ਕਾਰਜਸ਼ੀਲ ਮਧੂਮੱਖੀਆਂ ਅਤੇ ਪਹਾੜੀਆਂ 'ਤੇ ਖਿੜੇ ਫੁੱਲਾਂ ਦੇ ਸਦੀਵੀ ਰਹੱਸ ਬਾਰੇ ਵੀ ਸੋਚ ਸਕੇ।"

ਇਸ ਤਰ੍ਹਾਂ ਇੱਕ ਇਤਿਹਾਸਕ ਦਸਤਾਵੇਜ ਬਣੀ ਸ੍ਰੀ ਲਿੰਕਨ ਦੀ ਇਸ ਚਿੱਠੀ ਵਿਚੋਂ, ਵਿਦਿਆਰਥੀ ਦਾ ਸਰਵਪੱਖੀ ਵਿਕਾਸ ਕਰਨ ਲਈ ਅਧਿਆਪਕ ਦੇ ਫਰਜ਼ ਅਤੇ ਮਾਪਿਆਂ ਵੱਲੋਂ ਅਧਿਆਪਕ ਦੇ ਸਤਿਕਾਰ ਦੀ ਝਲਕ ਸਪੱਸ਼ਟ ਦਿਖਾਈ ਦਿੰਦੀ ਹੈ। ਇਸ ਲਈ ਸਮੂਹ ਅਧਿਆਪਕਾਂ ਵੱਲੋਂ ਸਿੱਖਿਆ ਖੇਤਰ ਵਿੱਚ ਆਪਣੇ ਫਰਜ਼ ਪੂਰਨ ਤਨਦੇਹੀ ਨਾਲ ਨਿਭਾਉਂਦੇ ਹੋਏ ਵਿਦਿਆਰਥੀਆਂ ਵਿੱਚ ਉਪਰੋਕਤ ਸਾਰੇ ਚੰਗੇ ਗੁਣ ਪੈਦਾ ਕਰਨ ਲਈ ਯਤਨ ਕਰਨੇ ਚਾਹੀਦੇ ਹਨ। ਇਸ ਤਰ੍ਹਾਂ ਸਿੱਖਿਆ ਦਾ ਅਸਲੀ ਉਦੇਸ਼ ਪੂਰਾ ਕੀਤਾ ਜਾ ਸਕਦਾ ਹੈ ਅਤੇ ਇੱਕ ਵਧੀਆ ਸਮਾਜ ਦੀ ਸਿਰਜਣਾ ਹੋਵੇਗੀ।

**ਬਲਵਿੰਦਰ ਕੌਰ**
**ਲੈਕਚਰਾਰ ਅਰਥਸ਼ਾਸਤਰ**
**ਸਰਕਾਰੀ ਸੀਨੀ: ਸੈਕੰ: ਸਕੂਲ,**
**ਪੱਕਾ ਕਲਾਂ (ਬਠਿੰਡਾ)**
**ਮੋਬਾਇਲ ਨੰਬਰ : 8146700303**

# ਸੋਸ਼ਲ ਮੀਡੀਆ ਤੇ ਵਾਇਰਲ ਹੁੰਦੀ ਅਸ਼ਲੀਲਤਾ : ਪੰਜਾਬੀ ਸੱਭਿਆਚਾਰ ਦੀ ਪਵਿੱਤਰਤਾ ਦਾ ਘਾਣ

ਪੰਜਾਬ, ਜਿਸਨੂੰ ਗੁਰੂਆਂ-ਪੀਰਾਂ ਦੀ ਧਰਤੀ ਵਜੋਂ ਜਾਣਿਆ ਜਾਂਦਾ ਹੈ, ਇੱਕ ਅਮੀਰ ਅਤੇ ਵਿਲੱਖਣ ਸੱਭਿਆਚਾਰ ਦਾ ਵਾਰਿਸ ਹੈ। ਇੱਥੋਂ ਦਾ ਸੱਭਿਆਚਾਰ ਮੇਲ-ਜੋਲ, ਸਹਿਣਸ਼ੀਲਤਾ, ਬਹਾਦਰੀ ਅਤੇ ਅਧਿਆਤਮਿਕਤਾ ਦਾ ਪ੍ਰਤੀਕ ਹੈ। ਭੰਗੜਾ, ਗਿੱਧਾ, ਲੰਬੇ ਬੋਲ, ਸੂਫ਼ੀਆਨਾ ਕਲਾਮ ਅਤੇ ਗੁਰਬਾਣੀ - ਇਹ ਸਭ ਸਾਡੇ ਵਿਰਸੇ ਦੀ ਸ਼ਾਨ ਹਨ। ਪਰ ਅੱਜ ਦੇ ਡਿਜੀਟਲ ਯੁੱਗ ਵਿੱਚ, ਜਿੱਥੇ ਸੋਸ਼ਲ ਮੀਡੀਆ ਜਾਣਕਾਰੀ ਦੇ ਆਦਾਨ-ਪ੍ਰਦਾਨ ਦਾ ਇੱਕ ਸ਼ਕਤੀਸ਼ਾਲੀ ਸਾਧਨ ਬਣ ਗਿਆ ਹੈ, ਉੱਥੇ ਹੀ ਇਹ ਸਾਡੇ ਪਿਆਰੇ ਪੰਜਾਬੀ ਸੱਭਿਆਚਾਰ ਦੀ ਸ਼ੁੱਧਤਾ 'ਤੇ ਵੀ ਡੂੰਘਾ ਪ੍ਰਭਾਵ ਪਾ ਰਿਹਾ ਹੈ। ਬਦਕਿਸਮਤੀ ਨਾਲ, ਇਸ ਪਲੇਟਫਾਰਮ 'ਤੇ ਕੁਝ ਅਜਿਹਾ ਕੰਟੈਂਟ ਬੇਲਗਾਮ ਤਰੀਕੇ ਨਾਲ ਫੈਲ ਰਿਹਾ ਹੈ ਜੋ ਸਾਡੇ ਵਿਰਸੇ ਨੂੰ ਢਾਹ ਲਾ ਰਿਹਾ ਹੈ।

ਸੋਸ਼ਲ ਮੀਡੀਆ 'ਤੇ ਫੈਲਦਾ ਅਸ਼ਲੀਲ ਅਤੇ ਨੁਕਸਾਨਦੇਹ ਕੰਟੈਂਟ

ਸੋਸ਼ਲ ਮੀਡੀਆ 'ਤੇ ਪੰਜਾਬੀ ਸੱਭਿਆਚਾਰ ਨੂੰ ਵਿਗਾੜਨ ਵਾਲੀਆਂ ਕਈ ਚੀਜ਼ਾਂ ਸਾਹਮਣੇ ਆ ਰਹੀਆਂ ਹਨ, ਜਿਨ੍ਹਾਂ ਵਿੱਚੋਂ ਕੁਝ ਪ੍ਰਮੁੱਖ ਹੇਠ ਲਿਖੀਆਂ ਹਨ:

ਅਸ਼ਲੀਲ ਸਮੱਗਰੀ ਦਾ ਵਾਧਾ: ਅਸ਼ਲੀਲ ਤਸਵੀਰਾਂ, ਵੀਡੀਓਜ਼ ਅਤੇ ਅਪਮਾਨਜਨਕ ਭਾਸ਼ਾ ਵਾਲਾ ਕੰਟੈਂਟ ਬਹੁਤ ਤੇਜ਼ੀ ਨਾਲ ਵਾਇਰਲ ਹੋ ਰਿਹਾ ਹੈ। ਇਹ ਸਮੱਗਰੀ ਨਾ ਸਿਰਫ਼ ਪੰਜਾਬੀ ਸੱਭਿਆਚਾਰ ਦੀਆਂ ਕਦਰਾਂ-ਕੀਮਤਾਂ ਦੇ ਉਲਟ ਹੈ, ਬਲਕਿ ਇਹ ਨੌਜਵਾਨਾਂ ਅਤੇ ਬੱਚਿਆਂ ਦੇ ਮਨਾਂ 'ਤੇ ਵੀ ਬਹੁਤ ਬੁਰਾ ਪ੍ਰਭਾਵ ਪਾਉਂਦੀ ਹੈ। ਇਹ ਉਨ੍ਹਾਂ ਨੂੰ ਗਲਤ ਰਾਹ ਪਾ ਸਕਦੀ ਹੈ ਅਤੇ ਸਮਾਜਿਕ ਨੈਤਿਕਤਾ ਦਾ ਪਤਨ ਕਰ ਸਕਦੀ ਹੈ।

ਹਥਿਆਰਾਂ ਦਾ ਪ੍ਰਦਰਸ਼ਨ: ਗੀਤਾਂ ਅਤੇ ਵੀਡੀਓਜ਼ ਵਿੱਚ ਹਥਿਆਰਾਂ ਦਾ ਖੁੱਲ੍ਹੇਆਮ ਪ੍ਰਦਰਸ਼ਨ ਆਮ ਹੋ ਗਿਆ ਹੈ। ਇਹ ਰੁਝਾਨ ਨੌਜਵਾਨਾਂ ਵਿੱਚ ਹਿੰਸਾ ਅਤੇ ਹਥਿਆਰਾਂ ਪ੍ਰਤੀ ਖਿੱਚ ਪੈਦਾ ਕਰਦਾ ਹੈ, ਜੋ ਕਿ ਇੱਕ ਸ਼ਾਂਤਮਈ ਸਮਾਜ ਲਈ ਖ਼ਤਰਨਾਕ ਹੈ। ਪੰਜਾਬੀ ਸੱਭਿਆਚਾਰ ਸ਼ਾਂਤੀ ਅਤੇ ਸਦਭਾਵਨਾ ਦਾ ਸੁਨੇਹਾ ਦਿੰਦਾ ਹੈ, ਜਦੋਂ ਕਿ ਇਹ ਰੁਝਾਨ ਇਸਦੇ ਬਿਲਕੁਲ ਉਲਟ ਹੈ।

ਨਸ਼ਿਆਂ ਦਾ ਪ੍ਰਚਾਰ: ਬਹੁਤ ਸਾਰੇ ਗਾਣਿਆਂ ਅਤੇ ਸੋਸ਼ਲ ਮੀਡੀਆ ਕੰਟੈਂਟ ਵਿੱਚ ਨਸ਼ਿਆਂ ਦੀ ਵਰਤੋਂ ਨੂੰ ਵਡਿਆਇਆ ਜਾ ਰਿਹਾ ਹੈ। ਇਹ ਨਾ ਸਿਰਫ਼ ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਵੱਲ ਧੱਕਦਾ ਹੈ, ਬਲਕਿ ਇਹ ਸਾਡੇ ਸੱਭਿਆਚਾਰਕ ਤਾਣੇ-ਬਾਣੇ ਨੂੰ ਵੀ ਕਮਜ਼ੋਰ ਕਰਦਾ ਹੈ, ਕਿਉਂਕਿ ਪੰਜਾਬ ਨੇ ਹਮੇਸ਼ਾ ਨਸ਼ਿਆਂ ਵਿਰੁੱਧ ਇੱਕ ਮਜ਼ਬੂਤ ਸਟੈਂਡ ਲਿਆ ਹੈ।

ਗਲਤ ਪੇਸ਼ਕਾਰੀ ਅਤੇ ਵਿਗਾੜ: ਕਈ ਵਾਰ ਪੰਜਾਬੀ ਸੱਭਿਆਚਾਰ ਦੇ ਪਹਿਰਾਵੇ, ਰੀਤੀ-ਰਿਵਾਜਾਂ ਅਤੇ ਪਰੰਪਰਾਵਾਂ ਨੂੰ ਗਲਤ ਤਰੀਕੇ ਨਾਲ ਜਾਂ ਅਸ਼ਲੀਲ ਰੂਪ ਵਿੱਚ ਪੇਸ਼ ਕੀਤਾ ਜਾਂਦਾ ਹੈ, ਜੋ ਕਿ ਸਾਡੇ ਵਿਰਸੇ ਦਾ ਅਪਮਾਨ ਹੈ। ਅਜਿਹਾ ਕੰਟੈਂਟ ਪੰਜਾਬੀ ਸੱਭਿਆਚਾਰ ਦੀ ਅਸਲੀਅਤ ਨੂੰ ਧੁੰਦਲਾ ਕਰਦਾ ਹੈ।

ਸਾਡੀ ਜ਼ਿੰਮੇਵਾਰੀ

ਇਸ ਚੁਣੌਤੀ ਦਾ ਸਾਹਮਣਾ ਕਰਨ ਲਈ ਸਾਨੂੰ ਸਾਰਿਆਂ ਨੂੰ ਆਪਣੀ ਜ਼ਿੰਮੇਵਾਰੀ ਸਮਝਣੀ ਚਾਹੀਦੀ ਹੈ।

1. ਜਾਗਰੂਕਤਾ: ਸਾਨੂੰ ਅਸ਼ਲੀਲ ਅਤੇ ਨੁਕਸਾਨਦੇਹ ਕੰਟੈਂਟ ਬਾਰੇ ਜਾਗਰੂਕ ਹੋਣਾ ਚਾਹੀਦਾ ਹੈ ਅਤੇ ਇਸਦੇ ਬੁਰੇ ਪ੍ਰਭਾਵਾਂ ਬਾਰੇ ਦੂਜਿਆਂ ਨੂੰ ਵੀ ਦੱਸਣਾ ਚਾਹੀਦਾ ਹੈ, ਖਾਸ ਕਰਕੇ ਬੱਚਿਆਂ ਅਤੇ ਨੌਜਵਾਨਾਂ ਨੂੰ।
2. ਰਿਪੋਰਟ ਕਰਨਾ: ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਅਜਿਹੇ ਕੰਟੈਂਟ ਨੂੰ ਰਿਪੋਰਟ ਕਰਨਾ ਬਹੁਤ ਜ਼ਰੂਰੀ ਹੈ ਤਾਂ ਜੋ ਇਸਨੂੰ ਹਟਾਇਆ ਜਾ ਸਕੇ।
3. ਸਕਾਰਾਤਮਕ ਕੰਟੈਂਟ ਨੂੰ ਉਤਸ਼ਾਹਿਤ ਕਰਨਾ: ਸਾਨੂੰ ਪੰਜਾਬੀ ਸੱਭਿਆਚਾਰ ਦੀਆਂ ਚੰਗੀਆਂ ਕਦਰਾਂ-ਕੀਮਤਾਂ ਅਤੇ ਵਿਰਾਸਤ ਨੂੰ ਦਰਸਾਉਣ ਵਾਲੇ ਸਕਾਰਾਤਮਕ ਕੰਟੈਂਟ ਨੂੰ ਵਧੇਰੇ ਸਾਂਝਾ ਅਤੇ ਉਤਸ਼ਾਹਿਤ ਕਰਨਾ ਚਾਹੀਦਾ ਹੈ। ਕਲਾਕਾਰਾਂ ਅਤੇ ਸਮੱਗਰੀ ਨਿਰਮਾਤਾਵਾਂ ਨੂੰ ਵੀ ਆਪਣੀ ਜ਼ਿੰਮੇਵਾਰੀ ਸਮਝਣੀ ਚਾਹੀਦੀ ਹੈ।
4. ਸੰਜਮ ਅਤੇ ਫਿਲਟਰਿੰਗ: ਬੱਚਿਆਂ ਅਤੇ ਨੌਜਵਾਨਾਂ ਦੀ ਸੋਸ਼ਲ ਮੀਡੀਆ ਦੀ ਵਰਤੋਂ 'ਤੇ ਨਜ਼ਰ ਰੱਖਣੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਸਹੀ ਅਤੇ ਗਲਤ ਵਿੱਚ ਫਰਕ ਕਰਨ ਦੀ ਸਿੱਖਿਆ ਦੇਣੀ ਚਾਹੀਦੀ ਹੈ।

ਪੰਜਾਬੀ ਸੱਭਿਆਚਾਰ ਸਾਡੀ ਪਛਾਣ ਹੈ ਅਤੇ ਇਸਦੀ ਸ਼ੁੱਧਤਾ ਨੂੰ ਬਰਕਰਾਰ ਰੱਖਣਾ ਸਾਡਾ ਸਭ ਦਾ ਫਰਜ਼ ਹੈ। ਸੋਸ਼ਲ ਮੀਡੀਆ ਇੱਕ ਸ਼ਕਤੀਸ਼ਾਲੀ ਸਾਧਨ ਹੈ, ਆਓ, ਇਸਨੂੰ ਪੰਜਾਬੀ ਸੱਭਿਆਚਾਰ ਨੂੰ ਉੱਚਾ ਚੁੱਕਣ ਲਈ ਵਰਤੀਏ, ਨਾ ਕਿ ਇਸਨੂੰ ਵਿਗਾੜਨ ਲਈ।



**ਚਾਨਣਦੀਪ ਸਿੰਘ ਔਲਖ, ਪਿੰਡ ਗੁਰਨੇ ਖ਼ੁਰਦ (ਮਾਨਸਾ), ਸੰਪਰਕ 9876888177, chanandeepaulakh@gmial.com**

# ਇੰਡਕ ਆਰਟਸ ਵੈਲਫ਼ੇਅਰ ਕੌਂਸਲ ਵੱਲੋਂ ਚੰਡੀਗੜ੍ਹ ਇਕਾਈ ਦਾ ਤਾਜਪੋਸ਼ੀ ਸਮਾਗਮ 16 ਨੂੰ








**ਚੰਡੀਗੜ੍ਹ (ਰਮੇਸ਼ਵਰ ਸਿੰਘ)** ਕਲਾ ਸਭਿਆਚਾਰ ਅਤੇ ਸਮਾਜ ਸੇਵਾ ਲਈ ਯਤਨਸ਼ੀਲ ਦੇਸ਼ ਦੀ ਪ੍ਰਮੁੱਖ ਸੰਸਥਾ ਇੰਡਕ ਆਰਟਸ ਵੈਲਫੇਅਰ ਕੌਂਸਲ ਵੱਲੋਂ ਆਪਣੀ ਚੰਡੀਗੜ੍ਹ ਯੂਨਿਟ ਦੇ ਅਹੁਦੇਦਾਰਾਂ ਦੀ ਤਾਜਪੋਸ਼ੀ, ਸਨਮਾਨ ਸਮਾਰੋਹ ਅਤੇ ਬਹਾਦਰ ਸਿੰਘ ਗੌਂਸਲ (ਸ਼ਾਨ-ਏ-ਪੰਜਾਬ) ਦੀ ਦੀ ਪੁਸਤਕ ਲੋਕ ਅਰਪਣ ਸਮਾਗਮ ਮਿਤੀ 16 ਜੂਨ 2025 ਸੈਣੀ ਭਵਨ ਸੈਕਟਰ-24, ਚੰਡੀਗੜ੍ਹ' ਵਿਖੇ ਸਵੇਰੇ 10 ਵਜੇ ਕਰਵਾਇਆ ਜਾ ਰਿਹਾ ਹੈ। ਇਸ ਸਮਾਗਮ ਬਾਰੇ ਜਾਣਕਾਰੀ ਦਿੰਦੇ ਹੋਏ ਸੇਵਾ ਮੁਕਤ ਬੀਡੀਪੀਓ ਰਾਜਵਿੰਦਰ ਸਿੰਘ ਗੱਡੂ ਕਨਵੀਨਰ ਚੰਡੀਗੜ੍ਹ ਨੇ ਦੱਸਿਆ ਕਿ ਇਸ ਸਮਾਗਮ ਮੌਕੇ 'ਤੇ ਪੰਜਾਬੀ ਸਭਿਆਚਾਰ, ਕਲਾ ਤੇ ਭਾਸ਼ਾ ਤੇ ਪ੍ਰਚਾਰ ਪ੍ਰਸਾਰ ਦੇ ਮਨਸ਼ੇ ਨਾਲ ਸੰਸਥਾ ਵੱਲੋਂ ਚਲਾਈ ਜਾ ਰਹੀ "ਕਲਾ ਜੀਵਨ ਯੋਜਨਾ" ਦੇ ਬੈਨਰ ਹੇਠ 'ਪੰਜਾਬ ਕਰਾਂ ਕੀ ਸਿਫਤ ਤੇਰੀ' ਵਿਸ਼ੇ ਉੱਤੇ ਵਿਸ਼ੇਸ਼ ਕਾਵਿ ਸੰਮੇਲਨ, ਸਨਮਾਨ ਸਮਾਰੋਹ ਅਤੇ ਨਵੀਆਂ ਜ਼ਿੰਮੇਵਾਰੀਆਂ ਦੀ ਤਾਜਪੋਸ਼ੀ ਇੰਡਕ ਆਰਟਸ ਵੈਲਫੇਅਰ ਕੌਂਸਲ ਦੇ ਡਾਇਰੈਕਟਰ ਸਟੇਟ ਅਵਾਰਡੀ ਅਤੇ ਰਾਜ ਦਰਬਾਰੀ ਗਾਇਕ ਪ੍ਰੋ. ਭੋਲਾ ਯਮਲਾ ਜੀ ਦੀ ਯੋਗ ਅਗਵਾਈ ਤੇ ਪ੍ਰਧਾਨਗੀ ਵਿੱਚ ਕੀਤੀ ਜਾਵੇਗੀ ਅਤੇ ਸਮਾਗਮ ਦੇ ਵਿੱਚ ਮੁੱਖ ਮਹਿਮਾਨ ਵਜੋਂ ਸ. ਹਰਦੀਪ ਸਿੰਘ ਕਿੰਗਰਾ (ਸੇਵਾ ਮੁਕਤ ਆਈ ਐਫ.ਐਸ.) ਅਤੇ ਸ੍ਰੀਮਤੀ ਸੁਨੀਤ ਕਿੰਗਰਾ ਵਿਸ਼ੇਸ਼ ਤੌਰ ਤੇ ਸ਼ਿਰਕਤ ਕਰਨਗੇ। ਪ੍ਰਧਾਨਗੀ ਮੰਡਲ ਵਿੱਚ ਸ. ਨਿਰਭੈ ਸਿੰਘ ਉਪ ਮੁੱਖ ਸਚਿਵ ਭਾਰਤ ਸਰਕਾਰ (ਵਿਜੀਲੈਂਸ), ਨਵੀਂ ਦਿੱਲੀ, ਮਦਨ ਲਾਲ ਜਲੰਧਰੀ ਸੂਬਾ ਪ੍ਰਧਾਨ ਸਾਹਿਤ ਅਤੇ ਭਾਸ਼ਾ ਸੈੱਲ, ਰਾਜਵਿੰਦਰ ਸਿੰਘ ਗੱਡੂ ਕਨਵੀਨਰ ਚੰਡੀਗੜ੍ਹ, ਪ੍ਰੋ. ਬਹਾਦਰ ਸਿੰਘ ਗੌਂਸਲ ਪ੍ਰਧਾਨ ਚੰਡੀਗੜ੍ਹ ਇਕਾਈ ਹਾਜ਼ਰ ਹੋਣਗੇ।

ਵਿਸ਼ੇਸ਼ ਮਹਿਮਾਨ ਵਜੋਂ ਡਾ. ਪਵਨ ਕੁਮਾਰ ਆਰੀਅਨ ਐਡਵੋਕੇਟ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਚੰਡੀਗੜ੍ਹ, ਬਲਕਾਰ ਸਿੰਘ ਸਿੱਧੂ ਮੁੱਖ ਸਲਾਹਕਾਰ ਕਲਾ ਤੇ ਸੱਭਿਆਚਾਰਕ ਸੈਲ, ਭੱਟੀ ਭੜੀ ਵਾਲਾ ਕੌਮੀ ਸਲਾਹਕਾਰ, ਪ੍ਰਦੀਪ ਕੁਮਾਰ ਕੱਕੜ ਮੈਨੇਜਿੰਗ ਡਾਇਰੈਕਟਰ ਆਤਮਨਤਨ ਵੈਲਨੈਸ, ਕੁਲਦੀਪ ਸਿੰਘ ਅਟਵਾਲ ਸੂਬਾ ਪ੍ਰਧਾਨ ਯੁਵਕ ਅਤੇ ਖੇਡਾਂ ਸੈੱਲ, ਡਾ. ਸੋਨਦੀਪ ਮੋਂਗਾ ਸਟੇਟ ਕਨਵੀਨਰ, ਰਿਦਮਜੀਤ ਪ੍ਰਮੁੱਖ ਸਕੱਤਰ, ਦਵਿੰਦਰ ਖੁਸ਼ ਧਾਲੀਵਾਲ ਜਿਲ੍ਹਾ ਪ੍ਰਮੁੱਖ ਮੋਹਾਲੀ, ਐਨ. ਐਸ. ਬਾਜਵਾ ਕਨਵੀਨਰ ਐਨ.ਆਰ.ਆਈ. ਸੈੱਲ, ਇਕਬਾਲ ਸਿੰਘ ਸਹੋਤਾ ਸੂਬਾ ਪ੍ਰਧਾਨ ਸਾਹਿਤ ਅਤੇ ਭਾਸ਼ਾ ਸੈੱਲ ਰਾਜਸਥਾਨ, ਰੁਪਿੰਦਰ ਜੀਤ ਸਿੰਘ ਕਨਵੀਨਰ ਹੈਲਥ ਐਂਡ ਵੈਲਥ ਪ੍ਰੋਗਰਾਮ ਸਮੇਤ ਚੰਡੀਗੜ੍ਹ ਯੂਨਿਟ ਦੇ ਸਮੂਹ ਮੈਂਬਰ ਹਾਜ਼ਰ ਹੋਣਗੇ। ਇਸ ਮੌਕੇ ਹੈਲਥ ਅਤੇ ਵੈਲਥ ਯੋਜਨਾ ਦੀ ਸ਼ੁਰੂਆਤ ਕੀਤੀ ਜਾਵੇਗੀ।

# ਜੇਤਵਨ ਬੁੱਧ ਵਿਹਾਰ ਵੈਲਫੇਅਰ ਕਮੇਟੀ ਨਕੋਦਰ ਦੀ ਖਾਸ ਮੀਟਿੰਗ ਹੋਈ

**ਨਕੋਦਰ-** ਮਿਤੀ 15-6-2025 ਦਿਨ ਐਤਵਾਰ ਨੂੰ ਜੇਤਵਨ ਬੁੱਧ ਵਿਹਾਰ ਮੁਹੱਲਾ ਡਾਕਟਰ ਅੰਬੇਡਕਰ ਨਗਰ (ਨਵੀਂ ਆਬਾਦੀ) ਵਿਖੇ ਜੇਤਵਨ ਬੁੱਧ ਵਿਹਾਰ ਵੈਲਫੇਅਰ ਕਮੇਟੀ ਦੇ ਵੱਲੋਂ ਮੀਟਿੰਗ ਕੀਤੀ ਗਈਲ ਜਿਸ ਵਿੱਚ ਮੁੱਖ ਤੌਰ ਤੇ ਵਿਸ਼ੇ ਜਿਨਾਂ ਦੇ ਉੱਪਰ ਚਰਚਾ ਕੀਤੀ ਗਈਲ

1. ਜੋ ਹੁਣ ਤੱਕ ਜੇਤਵਨ ਬੁੱਧ ਵਿਹਾਰ ਦੇ ਵਿੱਚ ਖਰਚਾ ਹੋਇਆ ਉਸ ਦੇ ਬਾਰੇ ਚਰਚਾ ਕੀਤੀ ਗਈਲ
2. ਬੁੱਧ ਵਿਹਾਰ ਅਤੇ ਪਾਰਕ ਦੀ ਸਾਫ ਸਫਾਈ ਦੇ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆਲ
3. ਤੀਸਰਾ ਜੇਤਬਨ ਬੁੱਧ ਵਿਹਾਰ ਵੈਲਫੇਅਰ ਕਮੇਟੀ ਅਤੇ ਗੁਰੂ ਰਵਿਦਾਸ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵੱਲੋਂ ਸਾਂਝੇ ਤੌਰ ਤੇ ਮਹੱਲੇ ਦੇ ਵਿੱਚ ਦਰਖਤ ਲਗਾਉਣ ਦੇ ਲਈ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਇਸ ਸਾਰੇ ਕੰਮਾਂ ਨੂੰ ਕਰਨ ਦੇ ਲਈ ਸਮਾਂ ਇੱਕ ਹਫਤਾ ਨਿਰਧਾਰਿਤ ਕੀਤਾ ਗਿਆਲ

ਇਸ ਮੀਟਿੰਗ ਵਿੱਚ ਬਹੁਤ ਸਾਰੇ ਸਾਥੀਆਂ ਨੇ ਹਿੱਸਾ ਲਿਆ ਔਰ ਆਪਣੀ ਆਪਣੀ ਗੱਲ ਬਹੁਤ ਵਧੀਆ ਤਰੀਕੇ ਨਾਲ ਰੱਖੀਲ ਇਸ ਮੀਟਿੰਗ ਵਿੱਚ ਉਚੇਚੇ ਤੌਰ ਤੇ ਭੰਤੇ ਰਾਵਤ, ਅਸ਼ੋਕਾ ਬੁੱਧ ਵਿਹਾਰ, ਮਹਲਾ ਗੁਰੂ ਰਵਿਦਾਸ ਨਗਰ ਨਕੋਦਰ ਤੋਂ ਵਿਸ਼ੇਸ਼ ਤੌਰ ਤੇ ਪਹੁੰਚੇਲ

ਜੈ ਭੀਮ, ਜੈ ਮੂਲਨਿਵਾਸੀ, ਨਮੋ ਬੁੱਧਾਏ.



# ਲੋੜਵੰਦਾਂ ਨੂੰ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਵੰਡੇ ਗਏ ਪੈਂਨਸ਼ਨ ਚੈੱਕ

## ਪਿੰਡ ਬੱਲੋ ਵਿਖੇ ਲੱਗੇਗਾ ਵਿਸ਼ਾਲ ਮੈਡੀਕਲ ਕੈਂਪ ਪ੍ਰੋ. ਜੇ. ਐਸ. ਬਰਾੜ

ਮੈਨੇਜਿੰਗ ਟਰੱਸਟੀ ਡਾ. ਐਸ.ਪੀ. ਸਿੰਘ ਓਬਰਾਏ ਦੀ ਗਤੀਸ਼ੀਲ ਅਗਵਾਈ ਹੇਠ , ਕੌਮੀ ਪ੍ਰਧਾਨ ਸ. ਜੱਸਾ ਸਿੰਘ ਸੰਧੂ ਅਤੇ ਡਾਇਰੈਕਟਰ ਸਿਹਤ ਸੇਵਾਵਾਂ ਡਾ ਆਰ ਐਸ ਅਟਵਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅੱਜ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਬਠਿੰਡਾ ਇਕਾਈ ਵਲੋਂ ਲੋੜਵੰਦਾਂ ਨੂੰ ਸਹਾਇਤਾ ਰਾਸ਼ੀ ਦੇ 267 ਚੈੱਕ ਵੰਡੇ ਗਏ। ਜਾਣਕਾਰੀ ਦਿੰਦੇ ਹੋਏ ਜਰਨਲ ਸਕੱਤਰ ਪ੍ਰੋ. ਜਸਵੰਤ ਸਿੰਘ ਬਰਾੜ ਨੇ ਦੱਸਿਆ ਕਿ ਡਾ. ਦਲਜੀਤ ਸਿੰਘ ਗਿੱਲ ਡਾਇਰੈਕਟਰ ਸਿਹਤ ਸੇਵਾਵਾਂ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬਠਿੰਡਾ ਜਿਲ੍ਹੇ ਵਿਚ ਤਲਵੰਡੀ ਸਾਬੋ, ਮੌੜ ਮੰਡੀ, ਬੰਠਿਡਾ ਸ਼ਹਿਰ, ਬਾਲਿਆਂਵਾਲੀ, ਪਿੰਡ ਮਹਿਰਾਜ ,ਚਾਉਕੇ ਅਤੇ ਮੰਡੀ ਕਲਾਂ ਵਿਖੇ ਸੰਨੀ ਓਬਰਾਏ ਕਲੀਨੀਕਲ ਲੈਬ ਅਤੇ ਡਾਇਗਨੋਸਟਿਕ ਸੈਂਟਰ ਕੰਮ ਕਰ ਰਹੇ ਹਨ। ਪਿੰਡ ਮੱਲਵਾਲਾ ਵਿਖੇ ਜਲਦ ਹੀ ਸੰਨੀ ਓਬਰਾਏ ਕਲੀਨਿਕਲ ਲੈਬ ਐਂਡ ਡਾਇਗਨੋਸਟਿਕ ਸੈਂਟਰ ਬਣਨ ਦਾ ਕੰਮ ਸ਼ੁਰੂ ਹੋ ਜਾਵੇਗਾ। ਇਹਨਾਂ ਲੈਬੋਰੇਟਰੀਆਂ ਵਿਚ ਸਾਰੇ ਟੈਸਟ ਮਾਰਕਿਟ ਰੇਟਾਂ ਤੋਂ 5 ਵਾਂ ਤੋਂ 10 ਵਾਂ ਹਿੱਸਾ ਰੇਟ ਤੇ ਹੁੰਦੇ ਹਨ। ਉਦਾਹਰਨ ਦੇ ਤੌਰ ਤੇ ਈ.ਸੀ.ਜੀ. ਸਿਰਫ 20 ਰੁ. ਵਿਚ ਹੁੰਦੀ ਹੈ ਅਤੇ ਟਰੱਸਟ ਵੱਲੋਂ ਲਗਾਤਾਰ ਮੈਡੀਕਲ ਕੈਂਪ, ਅੱਖਾਂ ਦੇ ਆਪਰੇਸ਼ਨ ਕੈਂਪ ਸਰਕਾਰੀ ਸਕੂਲਾਂ ਨੂੰ ਆਰ ਓ ਦਾਨ ,ਸਰਕਾਰੀ ਸਕੂਲਾਂ ਵਿਚ ਫ੍ਰੀ ਬਲੱਡ ਗਰੁੱਪ ਟੈਸਟ, ਲੋੜਵੰਦਾ ਨੂੰ ਮਕਾਨ ਬਣਾ ਕੇ ਦੇਣਾ , ਠੰਡ ਵਿੱਚ ਲੋੜਵੰਦਾ ਨੂੰ ਕੰਬਲ ਵੰਡਣਾ,ਗੁਰਦਿਆਂ ਦੀ ਬੀਮਾਰੀ ਦੇ ਮਰੀਜਾਂ ਲਈ ਕਫਾਇਤੀ ਰੇਟ ਤੇ ਡਾਇਲਸਿਸ ਕਰਨਾ ਅਤੇ ਵਾਹਨਾਂ ਨੂੰ ਰਿਫਲੈਕਟਰ ਲਾਉਣਾ ਆਦਿ ਕੰਮ ਲਗਾਤਾਰ ਜਾਰੀ ਹਨ। ਬਹੁਤ ਹੀ ਜਲਦ ਡਾ. ਐਸ. ਪੀ ਸਿੰਘ ਓਬਰਾਏ ਵੱਲੋਂ ਮਨਜ਼ੂਰ ਕੀਤੀਆਂ 4 ਹੋਰ ਲੈਬੋਰੇਟੀਆਂ ਜਲਦ ਖੋਲ੍ਹੀਆਂ ਜਾਣਗੀਆਂ।ਜ਼ਿਲ੍ਹੇ ਵਿੱਚ 6 ਸਿਲਾਈ ਸੈਂਟਰ ਅਤੇ ਕੰਪਿਊਟਰ ਸੈਂਟਰ ਕੰਮ ਕਰ ਰਹੇ ਹਨ। ਜਿੱਥੇ ਬੱਚਿਆਂ ਨੂੰ 6 ਮਹੀਨਿਆਂ ਦਾ ਕੋਰਸ ਬਿਲਕੁਲ ਫਰੀ ਕਰਵਾਇਆ ਜਾਂਦਾ ਹੈ। ਇਸ ਤੋਂ ਇਲਾਵਾ ਸਮੇਂ ਸਮੇਂ ਅਨੁਸਾਰ ਸਾਡੀ ਟੀਮ ਦੇ ਮੈਂਬਰ ਲੋਕ ਸੇਵਾ ਲਈ ਤਿਆਰ ਰਹਿੰਦੇ ਹਨ । ਬਠਿੰਡਾ ਦੇ ਪਿੰਡ ਬੱਲੋ ਵਿਖੇ ਜਲਦ ਹੀ 22 ਜੂਨ ਦਿਨ ਐਤਵਾਰ ਨੂੰ ਨਗਰ ਦੇ ਸਹਿਯੋਗ ਨਾਲ ਵਿਸ਼ਾਲ ਮੈਡੀਕਲ ਕੈਂਪ ਲਾਇਆ ਜਾਵੇਗਾ। ਜਿਸ ਵਿੱਚ ਮਰੀਜ਼ਾਂ ਨੂੰ ਡਾਕਟਰੀ ਸਲਾਹ ਅਤੇ ਦਵਾਈਆਂ ਮੁੱਫਤ ਦਿੱਤੀਆਂ ਜਾਣਗੀਆਂ। ਇਸ ਮੌਕੇ ਜਨਰਲ ਸੈਕਟਰੀ ਅਮਰਜੀਤ ਸਿੰਘ, ਕੈਸ਼ੀਅਰ ਬਲਦੇਵ ਸਿੰਘ ਚਹਿਲ,ਬਲਜੀਤ ਨਰੂਆਨਾ ਗੁਰਪਿਆਰ ਸਿੰਘ, ਗੁਰਤੇਜ ਸਿੰਘ ਸਿੱਧੂ, ਗੁਰਤੇਜ ਸਿੰਘ ਵਿਰਕ ਅਤੇ ਪਦਮ ਸੈਨ ਗਰਗ ਹਾਜ਼ਰ ਸਨ।



# ਤਪਦੇ ਰੇਗਿਸਤਾਨ ਦਾ ਬ੍ਰਿਖ : ਦੇਸ ਰਾਜ ਛਾਜਲੀ



ਉਹ ਤਪਦੇ ਰੇਗਿਸਤਾਨ ਦਾ ਅਜਿਹਾ ਬਿਰਖ ਹੈ। ਜੀਹਨੇ ਉੱਡਦੀ ਕੱਕੀ ਰੇਤ ਦੇ ਕਣਾਂ ਦੀ ਸੂਈਆਂ ਵਾਂਗਰ ਚੁੱਭਣ ਵੀ ਦੇਖੀ ਤੇ ਖੁਸ਼ਕ ਹਵਾ ਨੂੰ ਆਪਣੇ ਤਨ ਤੇ ਵੀ ਝੱਲਿਆ। ਉਸ ਨੇ ਅੱਥਰੇ ਮੌਸਮਾਂ ਵੱਲੋਂ ਦਿੱਤੇ ਦਰਦ ਨੂੰ ਵੀ ਆਪਣੇ ਪਿੰਡੇ ਤੇ ਹੰਢਾਇਆ ਤੇ ਚੰਦਰੀਆਂ ਰੁੱਤਾਂ ਨੇ ਵੀ ਬਹੁਤ ਸਤਾਇਆ। ਉਹਨੇ ਜ਼ਿੰਦਗੀ ਦੇ ਰੇਤਲੇ ਤੂਫ਼ਾਨ ਵੀ ਦੇਖੇ ਤੇ ਰਾਤਾਂ ਦੀ ਚੁੱਪ ਵਰਗਾ ਸੰਨਾਟਾ ਵੀ। ਉਹਨੇ ਤਪਦੇ ਟਿੱਬਿਆਂ 'ਚ ਉੱਡਦੇ ਪਰਿੰਦਿਆਂ ਦੀ ਮ੍ਰਿਗ ਤ੍ਰਿਸ਼ਨਾ ਨੂੰ ਵੀ ਤੱਕਿਆ ਤੇ ਰੇਗਿਸਤਾਨ ਦੇ ਗਹਿਰੇ ਪਾਣੀਆਂ ਨੂੰ ਵੀ। ਜ਼ਿੰਦਗੀ ਦੇ ਇਸ ਪਿਆਸੇ ਮਾਰੂਥਲ ਵਿੱਚ ਗੜਿਆਂ ਨਾਲ ਪੱਤਿਆਂ ਦੀ ਪਾਟਦੀ ਹਿੱਕ ਨੂੰ ਵੀ ਦੇਖਿਆ ਤੇ ਬਾਰਿਸ਼ ਦੀਆਂ ਠੰਡੀਆਂ ਫੁਹਾਰਾਂ ਨਾਲ ਠਰਦੀਆਂ ਕਰੂੰਬਲਾਂ ਦੇ ਦਿਲ ਨੂੰ ਵੀ। ਉਹਨਾਂ ਨੇ ਵੀਰਾਨ ਟਿੱਬਿਆਂ ਤੇ ਉੱਗੇ ਉਦਾਸ ਜੰਡ ਕਰੀਰਾਂ ਨੂੰ ਵੀ ਦੇਖਿਆ ਤੇ ਇਹਨਾਂ ਜੰਡ ਕਰੀਰਾਂ ਦੀਆਂ ਛਾਵਾਂ ਦਾ ਗਵਾਹ ਬਣੇ ਪਲ ਦੋ ਪਲ ਰੁਕੇ ਰਾਹੀਆਂ ਦੇ ਕਾਫ਼ਲਿਆਂ ਨੂੰ ਵੀ। ਇਹਨਾਂ ਕਾਫ਼ਲਿਆਂ ਨੇ ਉਸਦੇ ਘਰ ਦੀਆਂ ਕੱਚੀਆਂ ਕੰਧਾਂ ਤੋਂ ਉੱਖੜਦੇ ਲਿਉੜਾਂ ਨੂੰ ਵੀ ਦੇਖਿਆ ਤੇ ਚੌਮਾਸਿਆਂ ਚ ਚਿਉਂਦੇ ਬਨੇਰਿਆਂ ਨੂੰ ਵੀ ਦੇਖਿਆ। ਇਸ ਬਿਰਖ ਦੀ ਛਾਂ ਅਨੇਕਾਂ ਰਾਹੀਆਂ ਨੇ ਲੂਆਂ ਨਾਲ ਤਪਦੀਆਂ ਦੁਪਿਹਰਾਂ ਕੱਟੀਆਂ ਤੇ ਮਾਘ ਮਹੀਨੇ ਦਾ ਨਿੱਘ ਸਮਝਦਿਆਂ ਕੋਸੀਆਂ ਧੁੱਪਾਂ ਵਰਗਾ ਅਨੰਦ ਵੀ ਮਾਣਿਆ।

ਜਦੋਂ ਉਹ ਪੈਦਾ ਹੋਇਆ ਗੁਰਬਤ ਉਸਦੇ ਪੋਤੜਿਆਂ ' ਚ ਜਨਮੀ ਤੇ ਉਸ ਨਾਲ ਸਾਹੋ ਸਾਹ ਹੋਈ ਖੇਡਦੀ ਰਹਿੰਦੀ। ਸਿਆਲਾਂ ਰੁੱਤੇ ਘਰ ਦੇ ਵਿਹੜੇ 'ਚ ਧੁੱਪ ਨਾ ਆਉਂਦੀ ਪੋਹ ਦੀਆਂ ਠਰੀਆਂ ਕਿਰਨਾਂ ਸਰੀਰ ਨੂੰ ਝਰਨਾਹਟ ਛੇੜ ਦਿੰਦੀਆਂ। ਕਦੇ ਕਦੇ ਨੀਲੀ ਕਾਸ਼ਨੀ ਧੁੰਦ ਚ ਉਹਦੀਆਂ ਲੋਰੀਆਂ ਗੁਆਚ ਜਾਂਦੀਆਂ। ਫਿਰ ਜਦੋਂ ਕਦੇ ਉਹ ਜ਼ੋਰ ਜ਼ੋਰ ਦੀ ਚੀਕਾਂ ਮਾਰਨ ਲੱਗਦਾ ਉਹਦੀ ਮਾਂ ਦੀਆਂ ਲੋਰੀਆਂ ਦੀ ਥਾਂ ਉਹਦੀ ਦਾਦੀ ਦੀਆਂ ਝੁਰੜੀਆਂ ਸਿਰਹਾਣੇ ਬੈਠੀਆਂ ਹੁੰਦੀਆਂ। ਦਾਦੀ ਨੂੰ ਦੇਖ ਕੇ ਫਿਰ ਉਸਦੀ ਮਾਸੂਮੀਅਤ ਅਤੇ ਮੁਸਕਰਾਹਟ ਕੋਲ ਪਏ ਖਿਡੌਣੇ ਤੇ ਘੁੰਗਰੂਆਂ ਨਾਲ ਖੇਡਣ ਲੱਗ ਜਾਂਦੀ। ਉਹ ਉਸ ਸਮੇਂ ਪੈਦਾ ਹੋਇਆ ਜਦੋਂ ਜਦੋਂ ਪੋਹ ਅਤੇ ਹਾੜ ਦੇ ਮਹੀਨੇ ਵੀ ਪੈਰਾਂ ਨੂੰ ਚੱਪਲਾਂ ਨਸ਼ੀਬ ਨਹੀਂ ਹੁੰਦੀਆਂ ਸਨ। ਜਦੋਂ ਜੇਠ - ਹਾੜ ਦੇ ਤਪਦੇ ਥਲ ਵਿਚ ਆਪਣੇ ਪੈਰਾਂ ਨੂੰ ਆਪਣੇ ਹੀ ਪਰਛਾਵੇਂ ਹੇਠ ਚੱਲਣ ਦਾ ਭੁਲੇਖਾ ਦਿੱਤਾ ਜਾਂਦਾ ਸੀ। ਜੋ ਆਪਣੀ ਜ਼ਿੰਦਗੀ ਜਿਊਣ ਦੀ ਸਹੁੰ ਖਾ ਕੇ ਅੱਗੇ ਵਧਿਆ ਅਤੇ ਜਿੰਨਾ ਨੇ ਛੋਟੇ ਹੁੰਦਿਆਂ ਅਨੇਕਾਂ ਮਾਨਸਿਕ , ਸਰੀਰਕ ਅਤੇ ਆਰਥਿਕ ਪੀੜਾਂ ਤੇ ਤਕਲੀਫਾਂ ਝੱਲੀਆਂ ਉਹ ਹੈ ਸਾਡੀ ਮਾਣਮੱਤੀ ਤੇ ਵਿਲੱਖਣ ਸ਼ਖ਼ਸੀਅਤ ਦੇਸ ਰਾਜ ਛਾਜਲੀ। ਦੇਸ ਰਾਜ ਛਾਜਲੀ ਦਾ ਜਨਮ ਧੂੰਏਂ ਤੋਂ ਸੱਖਣੇ ਚੁੱਲ੍ਹੇ ਅਤੇ ਧੁੱਪ ਨਾਲ ਤਿੜਕੀਆਂ ਕੰਧਾਂ ਤੋਂ ਉਤਰਦੇ ਲਿਉੜਾਂ ਵਾਲੇ ਘਰ ਪਿਤਾ ਕਰਤਾਰ ਸਿੰਘ ਅਤੇ ਮਾਤਾ ਸ੍ਰੀਮਤੀ ਜੰਗੀਰ ਕੌਰ ਦੀ ਕੁੱਖੋਂ ਹੋਇਆ। ਜ਼ਿੰਦਗੀ ਜਿਊਣ ਦੇ ਅਰਥ ਉਸਨੂੰ ਬਚਪਨ ਤੋਂ ਹੀ ਆ ਗਏ ਸਨ ਜਦੋਂ ਛੋਟੀ ਉਮਰ ਵਿੱਚ ਹੀ ਆਪਣੀ ਪੜ੍ਹਾਈ ਜਾਰੀ ਰੱਖਣ ਲਈ ਉਸਨੂੰ ਟੇਲਰ ਮਾਸਟਰ , ਲੱਕੜ ਦਾ ਕਾਰੀਗਰ , ਰਾਜ ਮਿਸਤਰੀ ਅਤੇ ਜੁਲਾਹਾ ਬਣਨਾ ਪਿਆ। ਇਹ ਸਾਰੇ ਕੰਮ ਉਸਨੂੰ ਆਪਣੇ ਪਿਤਾ ਕੋਲੋਂ ਵਿਰਾਸਤ ਵਿੱਚ ਮਿਲੇ। ਦਸਵੀਂ ਜਮਾਤ ਤੱਕ ਦੀ ਪੜ੍ਹਾਈ ਉਹਨਾਂ ਨੇ ਆਪਣੇ ਪਿੰਡ ਦੇ ਸਰਕਾਰੀ ਸਕੂਲ ਤੋਂ ਕੀਤੀ। ਮਸਤੂਆਣਾ ਕਾਲਜ ਤੋਂ ਉਹਨਾਂ ਨੇ ਬੀ. ਏ. ਪਾਸ ਕੀਤੀ ਅਤੇ ਉਹ ਇਸ ਕਾਲਜ ਵਿੱਚ ਲੋਕ ਸਾਜ਼ਾਂ ਵਿੱਚ ਭਾਗ ਲੈ ਕੇ ਕਾਲਜ ਚੈਂਪੀਅਨ ਬਣਿਆ। ਫਿਰ ਉਹਨਾਂ ਨੂੰ ਅੰਤਰਰਾਸ਼ਟਰੀ ਮੁਕਾਬਲੇ ਲਈ ਭੰਗੜਾ ਟੀਮ ਦਾ ਮੈਂਬਰ ਚੁਣ ਲਿਆ ਗਿਆ ਤੇ ਭੰਗੜਾ ਟੀਮ ਨਾਲ ਅਲਗੋਜ਼ੇ ਵਜਾ ਕੇ ਗੋਲਡ ਮੈਡਲ ਜਿੱਤਿਆ। ਦੇਸ ਰਾਜ ਛਾਜਲੀ ਨੇ ਭਾਵੇਂ ਕਲਾ ਦੇ ਖੇਤਰ ਵਿੱਚ ਕੋਈ ਗੁਰੂ ਧਾਰਨ ਨਹੀਂ ਕੀਤਾ ਪਰ ਅਲਗੋਜ਼ੇ ਵਜਾਉਣ ਦੀ ਕਲਾ ਲਈ ਉਹ ਬੇਲੀ ਰਾਮ , ਚੂਹੜ ਖਾਂ , ਤਾਰਾ ਚੰਦ ਵਰਗੇ ਉਸਤਾਦਾਂ ਨੂੰ ਪ੍ਰੇਰਨਾ ਸਰੋਤ ਮੰਨਦਾ ਹੈ। ਇਸੇ ਤਰ੍ਹਾਂ ਗਾਇਕੀ ਦੇ ਖੇਤਰ ਵਿੱਚ ਨਰਿੰਦਰ ਬੀਬਾ , ਆਲਮ ਲੋਹਾਰ , ਬੁੱਢਾ ਸ਼ੇਖ ਅਤੇ ਸ਼ਰੀਫ਼ ਈਦੂ ਦਾ ਪ੍ਰਭਾਵ ਕਬੂਲਦਾ ਹੈ। ਦੇਸ ਰਾਜ ਛਾਜਲੀ ਨੇ ਬਿਨਾਂ ਦਾਜ ਦਹੇਜ ਤੋਂ ਵਿਆਹ ਕਰਵਾਇਆ। ਉਹਨਾਂ ਦੀ ਹਮਸਫ਼ਰ ਸ੍ਰੀਮਤੀ ਅਮਰਜੀਤ ਕੌਰ ਦੀ ਜਿੰਨੀ ਪ੍ਰਸੰਸਾ ਕੀਤੀ ਜਾਵੇ ਉਹ ਵੀ ਘੱਟ ਹੈ ਉਹਨਾਂ ਨੇ ਦੇਸ ਰਾਜ ਨੂੰ ਅੱਗੇ ਵਧਣ ਵਿੱਚ ਬਹੁਤ ਸਹਿਯੋਗ ਕੀਤਾ। ਇਹਨਾਂ ਦੇ ਘਰ ਬੇਟੇ ਆਲਮਜੀਤ ਸਿੰਘ , ਬੇਟੀ ਰਣਦੀਪ ਕੌਰ , ਬੇਟੀ ਵਤਨਦੀਪ ਕੌਰ ਨੇ ਜਨਮ ਲਿਆ। ਜੋ ਆਪੋ ਆਪਣੇ ਕਿੱਤਿਆਂ ਨੂੰ ਇਮਾਨਦਾਰੀ ਨਾਲ ਕਰ ਰਹੇ ਹਨ। ਦੇਸ ਰਾਜ ਛਾਜਲੀ ਨੂੰ ਆਪਣੇ ਦੋਸਤਾਂ , ਮਿੱਤਰਾਂ , ਸਨੇਹੀਆਂ , ਵਿਦਿਆਰਥੀਆਂ ਤੇ ਵਿਦਿਆਰਥਣਾਂ ਤੇ ਬਹੁਤ ਵੱਡਾ ਮਾਣ ਹੈ ਜੋ ਇਸ ਪਰਿਵਾਰ ਦੇ ਮੈਂਬਰ ਰਹੇ।ਦੇਸ ਰਾਜ ਛਾਜਲੀ ਨੂੰ ਇੱਕ ਬੇਹਤਰੀਨ ਅਧਿਆਪਕ ਅਤੇ ਪ੍ਰਿੰਸੀਪਲ ਦੇ ਤੌਰ ਤੇ ਜਾਣਿਆ ਅਤੇ ਪਛਾਣਿਆ ਗਿਆ। ਆਪਣੇ ਕਾਰਜਕਾਲ ਦੌਰਾਨ ਉਹਨਾਂ ਨੇ ਜਿਥੇ ਅਨੁਸ਼ਾਸਨ ਪੈਦਾ ਕੀਤਾ ਉਥੇ ਵਿਦਿਆਰਥੀਆਂ ਨੂੰ ਨਾਟਕ , ਕਵਿਤਾ ਉਚਾਰਨ , ਭਾਸ਼ਣ ਕਲਾ ਅਤੇ ਖੇਡਾਂ ਵੱਲ ਪ੍ਰੇਰਿਤ ਕੀਤਾ। ਉਹਨਾਂ ਨੇ ਵਿਦਿਆਰਥੀਆਂ ਨੂੰ ਲਾਇਬ੍ਰੇਰੀ ਵਿਚ ਆਤਮ ਅਧਿਐਨ ਅਤੇ ਸਾਹਿਤ ਸਿਰਜਣਾ ਵੱਲ ਰੁਚਿਤ ਕੀਤਾ ਤੇ ਅੱਜ ਕੱਲ ਉਹਨਾਂ ਦੇ ਕਈ ਵਿਦਿਆਰਥੀ ਪੰਜਾਬੀ ਫ਼ਿਲਮਾਂ , ਟੈਲੀ ਫ਼ਿਲਮਾਂ ਅਤੇ ਟੀ. ਵੀ. ਸੀਰੀਅਲਾਂ ਵਿਚ ਕੰਮ ਕਰ ਰਹੇ ਹਨ। ਦੇਸ ਰਾਜ ਪੇਪਰਾਂ ਵਿੱਚ ਹੁੰਦੀ ਨਕਲ ਦਾ ਹਮੇਸ਼ਾ ਕੱਟੜ ਵਿਰੋਧੀ ਰਿਹਾ ਹੈ। ਪੇਪਰਾਂ ਵਿੱਚ ਉਸ ਕੋਲ ਕੋਈ ਸਿਫਾਰਸ਼ ਕਰਨ ਦੀ ਹਿੰਮਤ ਨਹੀਂ ਸੀ ਕਰਦਾ।

ਦੇਸ ਰਾਜ ਛਾਜਲੀ ਨੇ 1980 ਵਿੱਚ ਲੋਕ ਸੰਗੀਤ ਮੰਡਲੀ ਛਾਜਲੀ ਦੀ ਸਥਾਪਨਾ ਕੀਤੀ ਤੇ ਦੇਸ਼ ਦੇ ਕੋਨੇ ਕੋਨੇ ਵਿੱਚ ਉਸਾਰੂ ਤੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤੇ। ਦੇਸ ਰਾਜ ਅਲਗੋਜ਼ਾ ਵਾਦਕ , ਸਰੰਗੀ ਵਾਦਕ , ਢੱਡ ਵਾਦਕ ਦੇ ਨਾਲ ਨਾਲ ਲੋਕ ਪੱਖੀ ਗਾਇਕ ਵੀ ਹੈ। ਸਾਲ 1982 ਵਿੱਚ ਹੋਈਆਂ ਏਸ਼ੀਆਡ ਖੇਡਾਂ ਵਿੱਚ ਬੁਲਾਏ ਗਏ ਪ੍ਰਸਿੱਧ ਅਲਗੋਜ਼ਾ ਵਾਦਕਾਂ ਵਿੱਚ ਦੇਸ ਰਾਜ ਦਾ ਮਾਣਮੱਤਾ ਸਥਾਨ ਸੀ। ਉਹਨਾਂ ਨੇ ਪੰਜਾਬ ਤੋਂ ਬਾਹਰ ਹਿਮਾਚਲ ਪ੍ਰਦੇਸ਼ , ਉੱਤਰ ਪ੍ਰਦੇਸ਼ , ਹਰਿਆਣਾ , ਪੱਛਮੀ ਬੰਗਾਲ ਅਤੇ ਆਂਧਰਾ ਪ੍ਰਦੇਸ਼ ਵਿੱਚ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ। ਉਹਨਾਂ ਨੇ ਸਾਰੰਗੀ ਸ. ਰਣਜੀਤ ਸਿੰਘ ਬਰਨਾਲਾ ( ਸਾਰੰਗ ਸਟੂਡੀਓ ) ਤੋਂ ਵਜਾਉਣ ਤੇ ਬਣਾਉਣ ਦਾ ਬਲ ਸਿੱਖਿਆ। ਦੇਸ ਰਾਜ ਨੇ ਸਾਰੰਗੀ ਨੂੰ ਆਪਣੇ ਹੱਥੀਂ ਤਿਆਰ ਕਰਨ ਦਾ ਹੁਨਰ ਵੀ ਹਾਸਲ ਕੀਤਾ।

ਦੇਸ ਰਾਜ ਛਾਜਲੀ ਨੇ 1913 ਵਿੱਚ ਭਾਰਤ ਦੀ ਟੀਮ ਦੇ ਮੈਂਬਰ ਦੇ ਤੌਰ ਤੇ ਇੰਗਲੈਂਡ , ਲਮਿੰਗਟਨ ਵਿਖੇ ਲਗਦੇ ਦੁਨੀਆਂ ਭਰ ਦੇ ਲੋਕ ਕਲਾਵਾਂ ਦੇ ਮੇਲੇ ( ਮੁਕਾਬਲੇ ) ਵਿੱਚ ਭਾਗ ਲਿਆ ਤੇ ਮਾਣਮੱਤੀਆਂ ਜਿੱਤਾਂ ਹਾਸਲ ਕੀਤੀਆਂ। ਉਹਨਾਂ ਪੰਜਾਬੀ ਵਿੱਚ ਬਣੀ ਕਲਾਤਮਿਕ ਫਿਲਮ " ਖੁਸ਼ਬੂ" ਵਿੱਚ ਸੰਗੀਤ ਦਿੱਤਾ ਜੋ ਆਕਾਰ ਵਿਚ ਛੋਟੀ , ਜਿਸ ਵਿਚ ਕੋਈ ਗੀਤ ਨਹੀਂ , ਪਰ ਉਹ ਪੰਜਾਬੀ ਦੀ ਪਹਿਲੀ ਫਿਲਮ ਹੈ ਜਿਸਨੇ ਦੁਨੀਆਂ ਭਰ ਦੇ ਫਰਾਂਸ ਵਿੱਚ ਲੱਗਦੇ ਫ਼ਿਲਮੀ ਮੇਲੇ ਵਿੱਚੋਂ ਪਹਿਲਾ ਇਨਾਮ ਜਿੱਤਿਆ।

ਦੇਸ ਰਾਜ ਛਾਜਲੀ ਜਿੱਥੇ ਕੋਮਲ ਕਲਾਵਾਂ ਦਾ ਮਹਾਨ ਕਲਾਕਾਰ ਹੈ ਉੱਥੇ ਵੀਰ ਕਥਾਵਾਂ ਦਾ ਕਲਾਕਾਰ ਅਤੇ ਵਿਦਰੋਹੀ ਲੇਖਕ ਵੀ ਹੈ। ਉਸਨੇ ਯੋਧਿਆਂ ਦੀਆਂ ਵਾਰਾਂ ਗਾਉਣ ਦੇ ਨਾਲ ਨਾਲ ਉਸਾਰੂ ਸਾਹਿਤ ਦੀ ਸਿਰਜਣਾ ਵੀ ਕੀਤੀ। ਜਿੰਨ੍ਹਾਂ ਵਿੱਚੋਂ ਸ਼ਹੀਦ ਉਧਮ ਸਿੰਘ ਦਾ ਓਪੇਰਾ , ਸ਼ਹੀਦ ਬੀਬੀ ਗੁਲਾਬ ਕੌਰ ਦਾ ਓਪੇਰਾ , ਗਾਥਾ ਕਿਸ਼ਨਗੜ੍ਹ ਦੀ ਵਿਲੱਖਣ ਪਛਾਣ ਵਾਲੀਆਂ ਰਚਨਾਵਾਂ ਹਨ। ਉਹਨਾਂ ਦੁਬ-ਾਰਾ ਅਲੀਸ਼ੇਰਾਂ ਦਾ ਸ਼ੇਰ ਕਾ. ਬੰਤ ਰਾਮ ਅਲੀਸ਼ੇਰ ( ਤਿੰਨ ਐਡੀਸ਼ਨ ) ਬੀਬੀ ਗੁਲਾਬ ਕੌਰ ਤੇ ਕਾਵਿ ਨਾਟਕ, ਕਿੱਸਾ ਮੌਜੋ, ਕਿਸਾਨੀ ਅੰਦੋਲਨ ਬਾਰੇ ਜੰਗਨਾਮਾ ਭਾਰਤ ਤੇ ਦਿੱਲੀ ਕਿਤਾਬਾਂ ਛਪ ਕੇ ਪਾਠਕਾਂ ਤੱਕ ਪੁੱਜ ਚੁੱਕੀਆਂ ਹਨ । ਦੋ ਹੋਰ ਪੁਸਤਕਾਂ ਕਿੱਸਾ ਜੰਗੀਰ ਸਿੰਘ ਜੋਗਾ ਅਤੇ ਕਾਵਿ ਵਿਅੰਗ ਵਿੰਗ - ਤੜਿੰਗ ਛਪਾਈ ਅਧੀਨ ਹਨ। ਉਹਨਾਂ ਦੁਬਾਰਾ ਅਨੇਕਾਂ ਕਵਿਤਾਵਾਂ ਦੀ ਸਿਰ-ਜਣਾ ਵੀ ਕੀਤੀ ਗਈ। ਉਹਨਾਂ ਦੁਬਾਰਾ ਰਚੀਆਂ ਗਈਆਂ ਕਵਿਤਾਵਾਂ ਆਪਣੇ ਢੰਗ ਨਾਲ ਮੌਜੂਦਾ ਸਮਾਜਿਕ, ਆਰਥਿਕ ਅਤੇ ਰਾਜਨੀਤਕ ਵਿਵਸਥਾ ਦੇ ਅਣਸੁਖਾਵੇਂਪਨ ਪ੍ਰਤੀ ਲੋਕਾਂ ਦੇ ਮਨਾਂ ਵਿੱਚ ਇਨਕਲਾਬੀ ਰੋਹ ਅਤੇ ਚੇਤਨਾ ਉਤਪੰਨ ਕਰਦੀਆਂ ਹਨ ਅਤੇ ਪ੍ਰੰਪਰਾਗਤ ਮੁੱਲਾਂ ਨੂੰ ਨਕਾਰਦੀਆਂ ਹਨ ।

ਦੇਸ ਰਾਜ ਛਾਜਲੀ ਕਦੇ ਕਦੇ ਸਾਂਦਲਬਾਰ ਦੇ ਦੁੱਲੇ ਦੀ ਬਾਤ ਪਾਉਂਦਾ ਵੀ ਨਜ਼ਰ ਆਉਂਦਾ ਹੈ ਤੇ ਕਦੇ ਸਿੱਖ ਰਾਜ ਦੇ ਯੋਧੇ ਹਰੀ ਸਿੰਘ ਨਲੂਏ ਬਾਰੇ। ਪੰਜਾਬੀ ਭਾਸ਼ਾ ਦਾ ਕਦਰਦਾਨ ਤੇ ਵਿਦਵਾਨ ਹੋਣ ਕਰਕੇ ਕਦੇ ਬੁੱਲ੍ਹੇ ਸ਼ਾਹ, ਵਾਰਸ ਸ਼ਾਹ, ਪੀਲੂ ਤੇ ਦਮੋਦਰ ਦੇ ਕਿੱਸਿਆਂ ਦੀ ਚਰਚਾ ਵੀ ਕਰਦੈ। ਕਦੇ ਸਿਆਲਾਂ ਦੀ ਹੀਰ ਤੇ ਤਖ਼ਤ ਹਜ਼ਾਰੇ ਦੇ ਰਾਂਝੇ ਦੀ ਕਥਾ ਦਾ ਪ੍ਰਵਚਨ ਵੀ ਕਰਦੈ। ਉਹਨਾਂ ਨੇ ਆਪਣੀ ਖੋਜ ਪੜਤਾਲ ਕਰਕੇ ਹੀਰ ਦੀ ਰਚਨਾ ਵੀ ਕੀਤੀ।

ਦੇਸ ਰਾਜ ਛਾਜਲੀ ਬਾਗੀ ਸੁਭਾਅ ਵਾਲਾ ਇਨਸਾਨ ਹੈ। ਉਹ ਕਦੇ ਕਦੇ ਆਪਣੇ ਆਪ ਨਾਲ ਵੀ ਬਗਾਵਤ ਕਰਦਾ ਨਜ਼ਰ ਆਉਂਦਾ ਹੈ ਕਦੇ ਕਦੇ ਸਮਾਜਿਕ ਕਦਰਾਂ ਕੀਮਤਾਂ ਤੇ ਸਮਾਜਿਕ ਸਰੋਕਾਰਾਂ ਨਾਲ ਵੀ। ਉਸਦੇ ਜੀਵਨ ਵਿੱਚ ਕਾਹਲ ਹੈ। ਉਹ ਹਰ ਵਿਅਕਤੀ ਨਾਲ ਬੜੀ ਕਾਹਲੀ ਤੇ ਸ਼ਿੱਦਤ ਨਾਲ ਜੁੜਦਾ ਹੈ ਅਤੇ ਇਸ ਤੋਂ ਜ਼ਿਆਦਾ ਰਫ਼ਤਾਰ ਨਾਲ ਟੁੱਟ ਵੀ ਜਾਂਦਾ ਹੈ। ਫਿਰ ਉਹ ਨਾ ਆਪਣੀ ਸੁਣੀਂਦੈ ਤੇ ਨਾ ਕਿਸੇ ਹੋਰ ਦੀ। ਜਿਸ ਨਾਲ ਇੱਕ ਵਾਰ ਟੁੱਟ ਗਿਆ ਫਿਰ ਨਹੀਂ --- । ਜਦੋਂ ਤੱਕ ਸ. ਹਰੀ ਸਿੰਘ ਤਰਕ ਜਿਉਂਦੇ ਰਹੇ ਉਹਨਾਂ ਨਾਲ ਹਿੱਕ ਡਾਹ ਕੇ ਕੰਮ ਕਰਦਾ ਰਿਹਾ। ਉਹਨਾਂ ਦੀ ਮੌਤ ਤੋਂ ਬਾਅਦ ਉਹਨਾਂ ਦੁਬ-ਾਰਾ ਚਲਾਏ ਗਏ ਪੇਪਰ ਤੇ ਮੰਚ ਨੂੰ ਅਲਵਿਦਾ ਆਖ ਗਿਆ।

ਮੇਰਾ ਉਹਨਾਂ ਬਾਰੇ ਹੋਰ ਬਹੁਤ ਸਾਰੀਆਂ ਗੱਲਾਂ ਬਾਤਾਂ ਕਰਨ ਨੂੰ ਮਨ ਕਰਦਾ ਹੈ ਕਿਉਂਕਿ ਉਹਨਾਂ ਵੱਲੋਂ ਮੈਨੂੰ ਬਹੁਤ ਸਾਰੀ ਅਪਣੱਤ ਤੇ ਮੁਹੱਬਤ ਮਿਲੀ। ਇੰਝ ਲੱਗਦਾ ਹੈ ਜਿਵੇਂ ਤਿੱਖੜ ਦੁਪਹਿਰੇ ਯਾਦਾਂ ਨੰਗੇ ਪੈਰੀਂ ਤੁਰਕੇ ਪੇਕੇ ਪਿੰਡੋਂ ਆਈਆਂ ਹੋਣ। ਉਂਝ ਤਾਂ ਜ਼ਿੰਦਗੀ ਵਿੱਚ ਬਹੁਤ ਇਨਸਾਨ ਮਿਲੇ ਪਰ ਉਹਨਾਂ ਵਰਗਾ ਉੱਚਾ ਕਿਰਦਾਰ ਨਹੀਂ ਮਿਲਿਆ। ਇਸ ਸ਼ਖ਼ਸੀਅਤ ਅੱਗੇ ਜ਼ਿੰਦਗੀ ਭਰ ਨਤ ਮਸਤਿਕ ਰਹਾਂਗਾ।

**ਸਨੀ ਸੇਖੂਵਾਸ**
**9896723031**

Samaj Weekly
# ਸਮਾਜ ਵੀਕਲੀ
Punjabi, Hindi & English Newspaper - UK & EU Edition

## ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X
@samajweekly

**ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ**




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

**ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।**

**+44 7878 456484**

**email:-Samajweekly@gmail.com**